ੴ


ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ ॥
ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ ॥

# ਭਾਈ ਘਨੱਈਆ ਸੇਵਾ ਜੋਤੀ

ਮਈ
ਸੰਨ 2002



ਸ੍ਰੀ ਗੁਰੂ ਅੰਗਦ ਦੇਵ ਜੀ



ਸ੍ਰੀ ਗੁਰੂ ਅਮਰ ਦਾਸ ਜੀ



ਸ੍ਰੀ ਗੁਰੂ ਅਰਜਨ ਦੇਵ ਜੀ



ਸ੍ਰੀ ਗੁਰੂ ਤੇਗ਼ ਬਹਾਦਰ ਜੀ

ਮਈ 2002 ਵਿੱਚ ਅਵਤਾਰ ਦਿਹਾੜੇ
'ਗੁਰਜੋਤਾਂ ਦੇ ਦਰਸ਼ਨ'

ਤਨਿ ਤਾਪ ਨਿਵਾਰਣ ਹਾਰਾ, ਦੁਖ ਹੰਤਾ ਸੁਖ ਰਾਸਿ ।।
ਤਾ ਕਉ ਬਿਘਨੁ ਨ ਕੋਊ ਲਾਗੈ ਜਾਂ ਕੀ ਪ੍ਰਭੁ ਆਗੈ ਅਰਦਾਸਿ ।।

# ਅਰਦਾਸ ਬੇਨਤੀ



_ਬ੍ਰਹਮਗਿਆਨੀ 108 ਸ਼੍ਰੀ ਮਾਨ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਦੀ ਅਗਵਾਈ ਹੇਠ ਚਲ ਰਹੇ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ) ਦੀ ਹਰਮਨ ਪਿਆਰੀ ਨੌਜੁਆਨ ਧਾਰਮਿਕ ਸ਼ਖਸੀਅਤ ਸੰਤ ਭੁਪਿੰਦਰ ਸਿੰਘ ਜੀ ਜੋ ਮਿਤੀ 9 ਅਪ੍ਰੈਲ 2002 ਤੋਂ ਲੁਧਿਆਣਾ ਵਿਖੇ ਇਕ ਹਸਪਤਾਲ ਵਿੱਚ ਜੇਰੇ ਇਲਾਜ਼ ਹਨ । ਸੰਤ ਭੁਪਿੰਦਰ ਸਿੰਘ ਜੀ ਜੋ ਵਿਸ਼ੇਸ਼ ਗੁਣਾਂ ਦੀ ਮੂਰਤ, ਮੋਜੂਦਾ ਸਮੇਂ ਦੀ ਇੱਕ ਅਨੋਖੀ ਹੀ ਮਿਸਾਲ ਹਨ , ਅਜਿਹੇ ਕੁਰਬਾਨੀ ਦੇ ਪੁੰਜ ਵਿਅਕਤੀ ਮੋਜੂਦਾ ਦੌਰ ਵਿੱਚ ਬਹੁਤ ਹੀ ਘੱਟ ਮਿਲਦੇ ਹਨ ਕਿਉਂ ਕਿ ਇਹਨਾਂ ਅਪਣੀ ਮੁਢੱਲੀ ਵਿਦਿਆ ਮੰਸੂਰੀ ਦੇ ਇੱਕ ਪ੍ਰਮੁੱਖ ਅੰਗਰੇਜ਼ੀ ਸਕੂਲ ਵਿੱਚੋਂ ਪ੍ਰਾਪਤ ਕੀਤੀ ਹੈ । ਜਿਸ ਵਿੱਚੋਂ ਵਿਦਿਆ ਪ੍ਰਾਪਤ ਕਰਕੇ ਬਹੁਤੇ ਨੌਜੁਆਨ ਡਾਕਟਰ, ਇੰਜੀਨੀਅਰ, ਆਈ. ਏ. ਐਸ, ਜਾਂ ਹੋਰ ਪ੍ਰਸ਼ਾਸਕੀ ਉੱਚ ਰੁਤਬਿਆਂ ਦੀ ਪ੍ਰਾਪਤੀ ਵਿੱਚ ਰੁੱਝ ਜਾਂਦੇ ਹਨ । ਕਈ ਨੌਜੁਆਨ ਇਥੋ ਵਿਦਿਆ ਲੈ ਵਿਦੇਸ਼ਾਂ ਵੱਲ ਮੂੰਹ ਕਰ ਲੈਂਦੇ ਹਨ ਕਿਓਂਕਿ ਇਹਨਾਂ ਦੀ ਇੰਗਲਿਸ਼ ਬੋਲਣ, ਲਿੱਖਣ ਅਤੇ ਪੜ੍ਹਣ ਦੀ ਮੁਹਾਰਤ ਹੀ ਇਤਨੀ ਚੰਗੀ ਹੋ ਜਾਂਦੀ ਹੈ ਕਿ ਇਹ ਹੋਰ ਕਿਸੇ ਵੀ ਖੇਤਰ ਵੱਲ ਸੋਚਦੇ ਹੀ ਨਹੀਂ । ਪਰ ਤਿਆਗ ਦੀ ਮੂਰਤ ਸੰਤ ਭੁਪਿੰਦਰ ਸਿੰਘ ਜੀ ਜਿਨ੍ਹਾਂ ਸਾਰੇ ਪਦਾਰਥਵਾਦੀ ਰੁੱਤਬਿਆਂ ਦਾ ਤਿਆਗ ਕਰ ਗੁਰੂ ਵੱਲ ਮੁੱਖ ਕਰਨ ਨੂੰ ਹੀ ਤਰਜੀਹ ਦਿੱਤੀ ਹੈ । ਇਤਨੀ ਉਚੱ ਵਿਦਿਆ ਪ੍ਰਾਪਤ ਕਰਨ ਉਪਰੰਤ ਉਂਨ੍ਹਾਂ ਆਪਣੇ ਪਰਿਵਾਰ ਨੂੰ ਵੀ ਮੁੱਖ ਨਹੀ ਰੱਖਿਆ ਸਗੋ ਆਪਣਾ ਅਗਲਾ ਸਮੁੱਚਾ ਜੀਵਨ ਬ੍ਰਹਮਗਿਆਨੀ ਮਹੰਤ ਤੀਰਥ ਸਿੰਘ ਜੀ ਦੇ ਚਰਨਾਂ ਵਿੱਚ ਰਹਿ ਕੇ, ਕੌਮ, ਪੰਥ ਅਤੇ ਧਰਮ ਦੀ ਸੇਵਾ ਨਿਭਾਉਣ ਦਾ ਸੰਕਲਪ ਲਿਆ ਹੈ । ਅਜਿਹਾ ਕਦਮ ਉਸ ਅਕਾਲ ਪੁਰਖ ਦੀ ਅਪਾਰ ਬਖਸ਼ਿਸ ਸਦਕਾ ਹੀ ਲਿਆ ਜਾ ਸਕਦਾ ਹੈ ।

ਪਰ ਅਚਾਨਕ ਇਸ ਸੇਵਾ ਦੌਰਾਨ, ਇਸ ਜੁਆਨੀ ਦੀ ਉਮਰ ਵਿੱਚ ਇਕ ਸਰੀਰਕ ਰੋਗ ਲੱਗ ਜਾਣ ਕਾਰਨ ਉਹ ਪਿਛਲੇ ਕੁਝ ਦਿਨਾਂ ਤੋ ਸੰਗਤਾਂ ਦੇ ਦਰਸ਼ਨ ਨਹੀਂ ਕਰ ਸਕੇ ਨਾਂ ਹੀ ਕਥਾ ਰਾਹੀ ਸੰਗਤਾਂ ਵਿੱਚ ਗੁਰਬਾਣੀ ਦਾ ਪ੍ਰਚਾਰ ਹੀ ਕਰ ਸੱਕੇ ਹਨ, ਨਾ ਹੀ ਬਾਬਾ ਜੀ ਦੀ ਸਰਪ੍ਰਸਤੀ ਹੇਠ ਚਲਦੇ ਵਿਦਿਅਕ ਅਦਰਿਆ ਦਾ ਪ੍ਰਬੰਧ ਹੀ ਵੇਖ ਸਕੇ ਹਨ । ਜਿਸ ਦੀ ਕਮੀ ਸਮੁਚੇ ਡੇਰੇ ਤੋਂ ਬਿਨਾਂ ਸਮੂਹ ਸੰਗਤਾਂ ਨੇ ਵੀ ਮਹਿਸੂਸ ਕੀਤੀ ਹੇ ਅਤੇ ਅਜਿਹੇ ਸਮੇਂ ਗੁਰਬਾਣੀ ਦੀ ਇਸ ਪਕੰਤੀ :

ਮੈ ਹੋਰੁ ਥਾਂਉ ਨਾਹੀ ਜਿਸ ਪਹਿ ਕਰਉ ਬੇਨਤੀ
ਮੇਰਾ ਦੁਖੁ ਸੁਖੁ ਤੁਝ ਹੀ ਪਾਸੇ ।। (ਸੂਹੀ ਮਹੱਲਾ 4)

ਅਨੁਸਾਰ ਸੰਗਤਾਂ ਦੇ ਸਨਮੁੱਖ ਸਮੁੱਚੇ ਟਿਕਾਣੇ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਆਓ ਇਸ ਮਹਾਨ ਨੌਜੁਆਨ ਧਾਰਮਿਕ ਸ਼ਖਸੀਅਤ ਦੀ ਜਲਦ ਸਿਹਤਯਾਬੀ ਲਈ ਸਤਿਗੁਰੂ ਪਾਸ ਅਰਦਾਸ ਕਰੀਏ, ਕਿਉਂ ਕਿ ਸਤਿਗੁਰ ਦਾ ਫੁਰਮਾਨ ਹੈ :

'' ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ''

ਸੋ ਸਗੰਤ ਦੇ ਰੂਪ ਵਿੱਚ ਕੀਤੀ ਅਰਦਾਸ ਕਦੇ ਵਿਅਰਥ ਨਹੀਂ ਜਾਂਦੀ , ਸੋ ਆਉ ਸਾਰੇ ਜਿਥੇ ਕਿਥੇ ਵੀ ਵਿਚਰਦੇ ਹੋ ਉਥੇ ਹੀ ਮਿਲ ਬੈਠ ਅਕਾਲ ਪੁਰਖ ਦੇ ਚਰਨਾ ਵਿੱਚ ਅਰਦਾਸ ਬੇਨਤੀ ਕਰੀਏ ਤਾਂ ਕਿ ਇਹ ਧਾਰਮਿਕ ਨੌਜੁਆਨ ਸ਼ਖਸੀਅਤ ਜਿਤਨੀ ਜਲਦੀ ਹੋ ਸਕੇ ਸਿਹਤਯਾਬ ਹੋ ਕੇ ਡੇਰੇ ਵਿੱਚ ਪਰਤੇ ਅਤੇ ਧਰਮ ਪ੍ਰਚਾਰ ਲਈ ਕੀਤੇ ਬਚਨ ਨੂੰ ਪੂਰਾ ਕਰ ਸਕੇ ।

ਵਲੋਂ:
ਪ੍ਰਬੰਧਕ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ।

੧ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 18ਵਾਂ ਅੰਕ : ਪੰਜਵਾਂ ਮਈ 2002 ਕੀਮਤ : ਅਮੁੱਲ



ਮੁੱਖ ਸਰਪ੍ਰਸਤ : ਸੰਤ ਬਾਬਾ ਤੀਰਥ ਸਿੰਘ ਸੇਵਾ ਪੰਥੀ Ph.0164-262012 Mob:98140-32957

ਸਰਪ੍ਰਸਤ : ਸੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ : 263333 ਮੋਬਾ: 98140-04503, ਮਹੰਤ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਗੁਰਚਰਨ ਸਿੰਘ ਮੋਬਾ: 98140-02004, ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ : 262276 ਮੋਬਾ: 98140-35191, ਸ੍ਰ: ਤ੍ਰਿਲੋਚਣ ਸਿੰਘ ਸੇਠੀ ਮੁੰਬਈ।

ਮੁੱਖ ਸਲਾਹਕਾਰ : ਸ੍ਰ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ, ਸ੍ਰ: ਨਰਿੰਦਰ ਸਿੰਘ 'ਸੋਚ' ਅੰਮ੍ਰਿਤਸਰ, ਸ: ਸੁਜਨ ਸਿੰਘ ਘੁਲਿਆਣੀ ਮੋਬਾ: 98140-94817, ਸ੍ਰ: ਭੁਪਿੰਦਰ ਕੌਰ ਪਤਨੀ ਸ੍ਰ: ਜੀ ·ਐਸ ·ਬਜਾਜ ਦਿੱਲੀ, ਸ੍ਰ: ਜਸਪਾਲ ਸਿੰਘ ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ

ਸੰਪਾਦਕੀ ਬੋਰਡ

ਮੁੱਖ ਸੰਪਾਦਕ :ਚਮਨ ਸਿੰਘ "ਚਮਨ" Mobile : 98140-75504

ਸੰਪਾਦਕ : ਭੁਪਿੰਦਰ ਸਿੰਘ 'ਸੇਵਾ ਪੰਥੀ' Ph. 262657

ਸ: ਸੰਪਾਦਕ :ਅਮਰਜੀਤ ਸਿੰਘ "ਮਾਛੀਵਾੜਾ" Ph. 262051


## ਤਤਕਰਾ


| ਲੜੀ ਨੰ : | ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|---|
| 1. | ਜੇਠ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਗੁਰਮੀਤ ਕੌਰ 'ਮੀਤ' | 2 |
| 2. | ਸੰਪਾਦਕੀ | ਚਮਨ ਸਿੰਘ 'ਚਮਨ' | 3 |
| 3. | ਲੰਗਰ ਵਾ: ਦੀਵਾਨ ਹਾਲ ਦੀ ਕਾਰ ਸੇਵਾ | ਮਹੰਤ ਤੀਰਥ ਸਿੰਘ 'ਸੇਵਾ ਪੰਥੀ' | 5 |
| 4. | ਸੰਤ ਬਾਬਾ ਤੀਰਥ ਸਿੰਘ ਜੀ ਪ੍ਰਧਾਨ ਸੰਪ੍ਰਦਾਇ | ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' | 6 |
| 5. | ਪ੍ਰੋਗਰਾਮ ਪ੍ਰਚਾਰ ਯਾਤਰਾ | ਮੈਨੇਜਰ ਇੰਦਰਜੀਤ ਸਿੰਘ | 8 |
| 6. | ਕਥਾ ਸੁਖਮਨੀ ਸਾਹਿਬ (ਕਿਸਤ ਨੰ: 58) | ਮਹੰਤ ਤੀਰਥ ਸਿੰਘ 'ਸੇਵਾ ਪੰਥੀ' | 9 |
| 7. | ਸੋ ਦਰੁ ਰਹਿਰਾਸ ਸਾਹਿਬ (ਕਿਸਤ ਨੰ: 33) | ਸੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| 8. | ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ | ਭਾਈ ਨੰਦ ਲਾਲ ਜੀ ਗੋਯਾ | 13 |
| 9. | ਸੇਵਾ ਤੇ ਸਿਮਰਨ | ਗਿ: ਸੰਤ ਸਿੰਘ 'ਮਸਕੀਨ' | 14 |
| 10. | ਸੇਵਾ ਦੇ ਪ੍ਰਤੀਕ ਗੁਰੂ ਅੰਗਦ ਦੇਵ ਜੀ | ਅਭਿਨਾਸ਼ੀ ਸਿੰਘ | 18 |
| 11. | ਨਿਮਾਣਿਆ ਦੇ ਮਾਨ ਸ੍ਰੀ ਗੁਰੂ ਅਮਰ ਦਾਸ ਜੀ | ਉੱਕਤ | 21 |
| 12. | ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ | ਉੱਕਤ | 24 |
| 13. | ਗੁਰੂ ਤੇਗ਼ ਬਹਾਦਰ-ਹਿੰਦ ਦੀ ਚਾਦਰ | ਉੱਕਤ | 27 |
| 14. | ਅੰਮ੍ਰਿਤ ਵੇਲਾ-ਵਡਿਆਈ ਵਿਚਾਰ | ਭਗਵੰਤ ਸਿੰਘ ਦਲਾਵਰੀ | 30 |
| 15. | 52 ਵੇਂ ਯੱਗ ਸਮਾਗਮ ਦੀ ਰਿਪੋਰਟ | ਅਮਰਜੀਤ ਸਿੰਘ ਸਹਾਇਕ | 32 |
| 16. | ਸੇਵਾ ਦਾ ਆਦਰਸ਼ | ਸ:ਗੁਰਕ੍ਰਿਪਾਲ ਸਿੰਘ | 33 |
| 17. | **सेवादार सेना** | **जोगिन्द्र सिंह 'सागर'** | 37 |
| 18. | ਵਰ - ਘਰ | ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' | 40 |

ੴ ਸਤਿਗੁਰ ਪ੍ਰਸਾਦਿ ॥

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

# ਜੇਠਿ

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠਿ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥

| | | | | |
|---|---|---|---|---|
| ਸੰਮਤ ਬਿਕ੍ਰਮੀ | 2059 | ਗੁਰਪੁਰਬ ਤੇ | ਮੱਸਿਆ | 12 ਮਈ |
| ਸੰਮਤ ਨਾਨਕਸ਼ਾਹੀ | 533 | ਵਿਸ਼ੇਸ਼ ਦਿਵਸ | ਸੰਗਰਾਂਦ | 14 ਮਈ |
| ਸੰਮਤ ਖ਼ਾਲਸਾ | 304 | ਮਈ | ਪੰਚਮੀ | 17 ਮਈ |
| ਸੰਮਤ ਸਾਕਾ | 1924 | 2002 | ਪੂਰਨਮਾਸ਼ੀ | 26 ਮਈ |

| | | |
|---|---|---|
| *ਅਵਤਾਰ ਸ਼੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ | 1 ਮਈ | ਬੁੱਧਵਾਰ |
| *ਅਵਤਾਰ ਸ਼੍ਰੀ ਗੁਰੂ ਅਰਜਨ ਦੇਵ ਜੀ | 3 ਮਈ | ਸ਼ੁੱਕਰਵਾਰ |
| *ਅਵਤਾਰ ਸ਼੍ਰੀ ਗੁਰੂ ਅੰਗਦ ਦੇਵ ਜੀ | 13 ਮਈ | ਸੋਮਵਾਰ |
| *ਅਵਤਾਰ ਸ਼੍ਰੀ ਗੁਰੂ ਅਮਰਦਾਸ ਜੀ | 25 ਮਈ | ਸ਼ਨੀਵਾਰ |
| *ਮਜ਼ਦੂਰ ਦਿਵਸ | 1 ਮਈ | ਬੁੱਧਵਾਰ |
| *ਜਨਮ ਸਾਹਿਬਜ਼ਾਦਾ ਅਜੀਤ ਸਿੰਘ ਜੀ | 4 ਮਈ | ਸ਼ਨੀਵਾਰ |
| *ਬ: ਸੰਤ ਕ੍ਰਿਪਾਲ ਸਿੰਘ ਜੀ ਗਲੀ ਸਤੋਵਾਲੀ (ਅੰਮ੍ਰਿ) | 23 ਮਈ | ਵੀਰਵਾਰ |
| *ਮਹਾਤਮਾ ਬੁੱਧ ਜਯੰਤੀ | 26 ਮਈ | ਐਤਵਾਰ |
| *ਬ. ਬਾ. ਖੜਕ ਸਿੰਘ ਜੀ ਬੀੜ ਬਾ. ਬੁੱਢਾ ਸਾਹਿਬ ਜੀ | 30 ਮਈ | ਵੀਰਵਾਰ |

ਸੰਪਾਦਕੀ

# ਨਾ ਕੋ ਬੈਰੀ ਨਹੀ ਬਿਗਾਨਾ

ਗੁਰਬਾਣੀ ਦਾ ਚਾਨਣ ਸਮੁੱਚੇ ਮਨੁੱਖੀ ਭਾਈਚਾਰੇ ਲਈ ਹੈ। ਸਰਬੱਤ ਦਾ ਭਲਾ ਮੰਗਣਾ ਇੱਕ ਅੱਦੁਤੀ ਅਰਦਾਸ ਹੈ ਜਿਸ ਵਿੱਚ ਕੋਈ ਭੇਦ ਭਾਵ ਜਾਂ ਵਿਤਕਰਾ ਨਹੀਂ '' ਸਭੈ ਸਾਂਝੀਵਾਲ ਸਦਾਇਨ, ਕੋਇ ਨ ਦਿਸੈ ਬਾਹਰਾ ਜੀਉ'' ਜਾਂ ''ਏਕੁ ਪਿਤਾ ਏਕਸ ਕੇ ਹਮ ਬਾਰਿਕ'' ਦੇ ਉਪਦੇਸ਼ ਵੀ ਇਸੇ ਪੈਹਰਾਏ ਵਿੱਚ ਹਨ ਕਿ ਗੁਰੂ ਸਾਹਿਬਾਨ ਦੀ ਸਿੱਖਿਆ ਸਮੁੱਚੀ ਇਨਸਾਨੀਅਤ ਲਈ ਹੈ। ਜਾਤਪਾਤ, ਫਿਰਕਾ, ਧਰਮ ਆਦਿ ਦੀ ਵੰਡ ਤਾਂ ਬਹੁਤ ਛੋਟੀ ਗੱਲ ਹੈ ਕਿਉਂ ਕਿ ਗੁਰਬਾਣੀ ਦਾ ਉਪਦੇਸ਼ ਚਹੁੰ ਵਰਨਾਂ ਕੋ ਸਾਂਝਾਂ ਹੈ, ਸਦੀਵੀ ਹੈ, ਜੁਗੋ ਜੁਗ ਅਟੱਲ ਹੈ, ਹਰ ਪ੍ਰਾਣੀ ਲਈ ਹੈ ਤੇ ਇੱਕ ਵਾਹਿਗੁਰੂ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੈ। 'ਨਾ ਕੋ ਬੈਰੀ ਨਹੀ ਬਿਗਾਨਾ' ਪਚੰਮ ਪਾਤਸ਼ਾਹ ਦਾ ਪਵਿੱਤਰ ਕਥਨ ਹੈ। ਜੋ ਕਾਨੜਾ ਰਾਗ ਵਿੱਚ ਉਚਾਰਿਆ ਗਿਆ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ **1299** ਤੇ ਅੰਕਿਤ ਹੈ। ਸਮੁੱਚੇ ਸ਼ਬਦ ਦੀ ਭਾਵਨਾ ਹੀ ਇਹੀ ਹੈ ਕਿ ਸਾਰੇ ਜੀਵ ਇੱਕ ਵਾਹਿਗੁਰੂ ਜੀ ਦੀ ਜੋਤ ਹਨ ਤੇ ਕੋਈ ਵੈਰੀ ਜਾਂ ਓਪਰਾ ਨਹੀਂ। ਪਵਿੱਤਰ ਸ਼ਬਦ ਇਉਂ ਹੈ :

ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ ਰਹਾਉ
ਨਾ ਕੋ ਬੈਰੀ, ਨਹੀਂ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ, ਏਹ ਸੁਮਤਿ ਸਾਧੂ ਤੇ ਪਾਈ ॥
ਸਭ ਮਹਿ ਰਵਿ ਰਹਿਆ ਪ੍ਰਭ ਏਕੈ। ਪੇਖਿ ਪੇਖਿ ਨਾਨਕ ਬਿਗਸਾਈ ॥

ਮਨੁੱਖਤਾ ਦੀ ਆਵਾਜ਼ ਹੀ ਗੁਰਬਾਣੀ ਵਿੱਚੋਂ ਸੁਣਾਈ ਦਿੰਦੀ ਹੈ ਕਿਉਂ ਕਿ ਮਨੁੱਖਤਾ ਸਰਬ ਸਾਂਝੀ ਹੈ। ਅਕਾਲ ਉਸਤਤ ਵਿੱਚ ਕਲਗੀਧਰ ਪਾਤਸ਼ਾਹ ਦਾ ਫੁਰਮਾਨ ਹੈ :

'' ਹਿਦੂੰ ਤੁਰਕ ਕੋਊ ਹਾਫਜ਼ੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ। ''

ਗੁਰਬਾਣੀ ਜੀਵਨ ਦੀ ਜਾਚ ਅਤੇ ਜੀਵਨ ਦਾ ਧੁਰਾ ਹੈ ਕਿ ਸਭ ਨਾਲ ਪਿਆਰ ਹੋਵੇ ਤੇ ਕੋਈ ਵਿਤਕਰਾ ਨਾ ਹੋਵੇ। ਕਬੀਰ ਆਪਣੇ ਰੰਗ ਵਿੱਚ ਕਹਿੰਦੇ ਹਨ '' ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋਉ ਮੰਦੇ ॥ '' ਸੋ ਕਾਦਰ ਦੀ ਕੁਦਰਤ ਇਕੋ ਇਕਾਈ ਹੈ ਕਰਤਾ ਆਪਣੀ ਕਰਤਾਰਤਾ ਵਿੱਚ ਪ੍ਰਗਟ ਹੈ। ਉਸ ਦੇ ਅਨੇਕ ਰੂਪ, ਰੰਗ, ਪ੍ਰਭਾਵ ਹੋ ਸਕਦੇ ਹਨ ਪਰ ਉਸ ਦਾ ਮੂਲ ਇੱਕ ਹੈ। ਗੁਰਬਾਣੀ ਦਾ ਫੁਰਮਾਨ ਹੈ '' ਸਭ ਮਹਿ ਜੋਤਿ ਜੋਤਿ ਹੈ ਸੋਇ, ਤਿਸਦੈ ਚਾਨਣਿ ਸਭਿ ਮਹਿ ਚਾਨਣੁ ਹੋਇ ॥ '' ਜੋਤ ਤਾਂ ਇੱਕ ਹੈ। ਪ੍ਰਕਾਸ਼ ਵੀ ਇੱਕ ਹੈ। ਫਿਰ ਕੋਈ ਵੈਰੀ ਜਾਂ ਬੇਗਾਨਾ ਕਿਵੇਂ ਹੋ ਸਕਦਾ ਹੈ। ਵਾਹਿਗੁਰੂ ਦੀ ਜੋਤ ਸਭ ਪਾਸੇ ਪਰੀਪੂਰਨ ਹੈ, ਉਸ ਦੇ ਨਾਨਾ ਪ੍ਰਕਾਰ ਦੇ ਰੂਪ ਹੋ ਸਕਦੇ ਹਨ , ਮਾਰਗ ਹੋ ਸਕਦੇ ਹਨ, ਸਾਧਨ ਹੋ ਸਕਦੇ ਹਨ, ਪਰ ਗਾਡੀ ਰਾਹੇ ਦੀ

ਮੰਜਿਲ ਕੇਵਲ ਇੱਕ ਹੈ ।

ਗੁਰਬਾਣੀ ਦੀ ਸਿੱਖਿਆ ਸਰਬ ਸਾਂਝੀਵਾਲਤਾ ਹੈ । ਸਾਰੀ ਇਨਸਾਨੀਅਤ ਨਾਲ ਪਿਆਰ ਹੈ । ਭੇਦ-ਭਾਵ ਦੀ ਗੱਲ ਹੀ ਨਹੀ । ਇਕ ਅਕਾਲ ਪੁਰਖ ਦੀ ਬਖਸ਼ਿਸ਼ ਦਾ ਪਾਤਰ ਬਨਣਾ ਹੀ ਸਿੱਖੀ ਦਾ ਆਦਰਸ਼ ਹੈ । ਨਾਂ ਕੋ ਬੈਰੀ ਨਹੀ ਬਿਗਾਨਾ ਦਾ ਸ਼ੰਦੇਸ਼ ਗੁਰੂ ਸਾਹਿਬਾਨ ਨੇ ਅਮਲੀ ਜੀਵਨ ਰਾਹੀ ਵੀ ਦਿੱਤਾ ਹੈ । ਇਤਿਹਾਸ ਗਵਾਹ ਹੈ ਕਿ ਹਜੂਰ ਨੌਵੇ ਪਾਤਸ਼ਾਹ ਨੇ ਤਿਲਕ-ਜੰਞੂ ਦੀ ਰੱਖਿਆ ਲਈ ਆਪਣੀ ਜਿੰਦਗੀ ਦੀ ਆਹੂਤੀ ਦਿੱਤੀ ਤੇ ਗੁਰੂ ਨਾਨਕ ਪਾਤਸ਼ਾਹ ਬਾਬਰ ਬਾਣੀ ਵਿੱਚ ਸਮੁੱਚੀ ਮਨੁੱਖਤਾ ਦੀ ਪ੍ਰਤੀਨਿਧਤਾ ਕਰਦੇ ਹੋਏ ਵਾਹਿਗੁਰੂ ਪ੍ਰਤੀ ਸੰਬੋਦਿਤ ਹੁੰਦੇ ਹਨ :

"ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ ॥ " ਪੰਨਾ ੩੬੦

ਗੁਰਬਾਣੀ ਰਾਹੀ ਗੁਰੂ ਸਾਹਿਬਾਨ ਨੇ ਸਦਾ ਵਾਹਿਗੁਰੂ ਦੀ ਸਿਫਤ, ਜਸ ਤੇ ਨੇਕ ਜੀਵਨ ਦਾ ਉਪਦੇਸ਼ ਦਿੱਤਾ ਹੈ ਜੋ ਸਾਰੀ ਕਾਇਨਾਤ ਲਈ ਸਾਂਝਾਂ ਹੈ । ਈਰਖਾ, ਨਿੰਦਾ, ਚੁਗਲੀ, ਵੈਰ-ਵਿਰੋਧ ਆਦਿ ਦੀ ਸਿੱਖ ਜੀਵਨ ਜਾਚ ਵਿੱਚ ਕੋਈ ਥਾਂ ਨਹੀ । ਇਹ ਪਰਸਪਰ ਪਿਆਰ, ਗਰੀਬ ਪਰਵਰੀ, ਨੇਕੀ, ਭਲਾਈ, ਸੇਵਾ ਸਿਮਰਨ ਦਾ ਸਹਿਜ ਮਾਰਗ ਹੈ । ਫੁਰਮਾਨ ਹੈ :

"ਏਕੁ ਪਿਤਾ ਏਕਸ ਕੇ ਹਮ ਬਾਰਿਕ "

ਅਰਦਾਸ ਸਾਰੇ ਜੀਆ ਲਈ ਸਾਂਝੀ ਹੈ, ਮੰਗ ਸਮੁੱਚੀ ਇਨਸਾਨੀਅਤ ਲਈ ਹੈ । ਜਪੁਜੀ ਸਾਹਿਬ ਇਲਾਹੀ ਬਾਣੀ ਗੁਰੂ ਨਾਨਕ ਦਾ ਸ਼ਾਹਕਾਰ ਹੈ । ਇਸ ਵਿੱਚ ਤੱਤ ਰੂਪ ਵਿੱਚ ਸਾਹਿਬ ਫੁਰਮਾਂਦੇ ਹਨ :

"ਗੁਰਾ ਇਕ ਦੇਹਿ ਬੁਝਾਈ"<br>
ਸਭਨਾ ਜੀਆ ਕਾ ਇਕੁ ਦਾਤਾ ,<br>
ਸੋ ਮੈ ਵਿਸਰ ਨਾ ਜਾਈ ॥ ਪੰਨਾ ੨ ॥

ਇਕੋ ਦੀ ਆਰਾਧਨਾ ਇੱਕ ਅਕਾਲ ਪੁਰਖ ਦਾ ਹੋਣਾ ਹੈ । ਸਰਬ ਸਾਂਝੀ ਸ੍ਰਿਸ਼ਟੀ ਪਾਲਨਹਾਰ ਇੱਕ ਵਾਹਿਗੁਰੂ ਦੀ ਓਟ ਦੇ ਮਾਰਗ ਵਿੱਚ ਉਪਦੇਸ਼ ਵੀ ਸਾਂਝਾ ਹੈ । ਅਰਦਾਸ ਵੀ ਸਾਂਝੀ ਹੈ । ਪਰਮਾਰਥਕ ਰਾਹ ਵਿੱਚ ਕਰਨੀ ਪਰਵਾਨ ਹੈ । ਪਰਸਪਰ ਪਿਆਰ ਦੇ ਇਸ ਖੂਬਸੂਰਤ ਸੰਸਾਰ ਵਿੱਚ ਸਾਹਿਬਾਂ ਦਾ ਇਹ ਸ਼ਬਦ ਮੂਲ ਸ਼ੰਦੇਸ਼ ਹੈ । ਬ੍ਰਹਮ ਗਿਆਨੀ ਭਾਈ ਘਨੱ੍ਈਆ ਜੀ ਨੇ ਇਸ ਸ਼ਬਦ ਨੂੰ ਮਨ ਵਸਾਇਆ ਅਮਲ ਕਮਾਇਆ ਘਰ ਘਰ ਇਹ ਸ਼ੰਦੇਸ਼ ਪਹੁੰਚਾਇਆ ਤੇ ਸਭ ਨੂੰ ਦ੍ਰਿੜ ਕਰਵਾਇਆ ।

" ਨਾ ਕੋ ਬੈਰੀ ਨਹੀਂ ਬਿਗਾਣਾ "

ਸੰਦੇਸ਼ਕ<br>
ਚਮਨ ਸਿੰਘ 'ਚਮਨ'<br>
ਮੁੱਖ ਸੰਪਾਂਦਕ

ੴ ਵਾਹਿਗੁਰੂ ਜੀ ਦੀ ਫਤਿਹ ॥

ਅਬਿਚਲ ਨੀਵ ਧਰੀ ਗੁਰਨਾਨਕ ਨਿਤ ਨਿਤ ਚੜੈ ਸਵਾਈ''

ਸੇਵਾ ਪੰਥੀ ਗੁਰਦੁਆਰਾ ਸੰਤ ਭਾਈ ਸੁਹਲ ਸਿੰਘ ਜੀ

ਨਵੀਂ ਬਸਤੀ ਗੋਨਿਆਣਾ ਭਾਈ ਜਗਤਾ (ਬਠਿੰਡਾ) ਵਿਖੇ

# ਲੰਗਰ ਵ: ਦੀਵਾਨ ਹਾਲ (90'x60') ਦੀ

# ਕਾਰ ਸੇਵਾ ਦਾ ਪ੍ਰੋਗਰਾਮ

## ਸੇਵਾ ਕਮਾਉਣ ਦਾ ਸ਼ੁਭ ਅਵਸਰ

## ਨੀਂਹ ਪਥੱਰ :

ਸ੍ਰੀ ਮਾਨ 108 ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ ਗੋਨਿਆਣਾ ਭਾਈ ਜਗਤਾ (ਬਠਿੰਡਾ)

ਮਿਤੀ 17 ਸਤੰਬਰ 2002 ਦਿਨ ਮੰਗਲਵਾਰ ਸਵੇਰੇ 10 ਵਜੇ ਆਪਣੇ ਕਰ ਕਮਲਾਂ ਦੁਆਰਾ ਰਖੱਣਗੇ ।

## ਕਾਰ ਸੇਵਾ ਕਮੇਟੀ :

ਸੰਤ ਭਾਈ ਕਾਹਨ ਸਿੰਘ ਜੀ ਤੇ ਸੰਤ ਪ੍ਰੀਤਮ ਸਿੰਘ ਜੀ ਦੀ ਅਗਵਾਈ ਵਿੱਚ ਕਾਰ ਸੇਵਾ ਕਮੇਟੀ ਬਣਾਈ ਗਈ ਹੈ ਜੋ ਉਸਾਰੀ ਦੇ ਪ੍ਰਬੰਧਾਂ ਵਿੱਚ ਜੁਟ ਗਈ ਹੈ । ਸੇਵਾ ਦਾ ਸ਼ੁਭ ਅਵਸਰ ਹੈ ਪ੍ਰੇਮੀ ਸੰਗਤਾਂ ਦੀ ਸੇਵਾ ਵਿੱਚ ਸਨਿਮਰ ਬੇਨਤੀ ਹੈ ਕਿ ਲੰਗਰ ਵ: ਦੀਵਾਨ ਹਾਲ ਦੀ ਕਾਰ ਸੇਵਾ ਵਿੱਚ ਦਿਲ ਖੋਲ੍ਹਕੇ ਤਨ,ਮਨ, ਧਨ ਨਾਲ ਸੇਵਾ ਕਮਾਓ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ, ਹਾਰਦਿਕ ਧੰਨਵਾਦੀ ਹੋਵਾਂਗੇ ।

## ਸਾਧ ਸੰਗਤ ਦੇ ਦਾਸ,

(ਸੰਤ) ਪ੍ਰੀਤਮ ਸਿੰਘ 'ਸੇਵਾ ਪੰਥੀ'
ਸੇਵਾਦਾਰ
ਗੁ: ਸੰਤ ਸੁਹੰਲ ਸਿੰਘ ਜੀ
ਨਵੀ ਬਸਤੀ
ਫੋਨ 0164-262612

(ਸੰਤ) ਕਾਹਨ ਸਿੰਘ 'ਸੇਵਾ ਪੰਥੀ'
ਫੋਨ 263333

(ਮਹੰਤ) ਤੀਰਥ ਸਿੰਘ 'ਸੇਵਾ ਪੰਥੀ'
ਫੋਨ 262012
ਗੋਨਿਆਣਾ ਭਾਈ ਜਗਤਾ
(ਬਠਿੰਡਾ)

## ਸੰਤ ਬਾਬਾ ਤੀਰਥ ਸਿੰਘ ਜੀ 'ਸੇਵਾ-ਪੰਥੀ' ਅੱਡਣ ਸ਼ਾਹੀ ਸਭਾ ਦੇ ਪ੍ਰਧਾਨ

ਸੰਤ ਬਾਬਾ ਤੀਰਥ ਸਿੰਘ ਜੀ, ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਬਠਿੰਡਾ, ਸਿੱਖ ਪੰਥ ਦੀ ਇੱਕ ਉੱਘੀ ਅਤੇ ਮਹਾਨ ਸ਼ਖਸੀਅਤ ਹਨ ਜਿਥੇ ਉਹ ਪਿਛਲੇ ਲੰਬੇ ਸਮੇਂ ਤੋਂ ਸਿੱਖ ਧਰਮ ਦੇ ਪ੍ਰਚਾਰਕ ਦੇ ਰੂਪ ਵਿੱਚ ਦੇਸ਼ਾਂ ਵਿਦੇਸ਼ਾਂ ਵਿੱਚ ਹਜ਼ਾਰਾਂ ਪ੍ਰਾਣੀਆਂ ਨੂੰ ਗੁਰੂ ਦੇ ਲੜ ਲਾ ਚੁੱਕੇ ਹਨ , ਉਥੇ ਪੰਜਾਬ ਦੇ ਮਾਲਵੇ ਖਾਸ ਕਰਕੇ ਬਠਿੰਡਾ ਇਲਾਕੇ ਵਿੱਚ ਵਿੱਦਿਅਕ ਪਛੜੇਵਾਂ ਦੂਰ ਕਰਨ ਵਿੱਚ ਉਨ੍ਹਾਂ ਦਾ ਰੋਲ ਬਹੁਤ ਹੀ ਸ਼ਲਾਘਾਯੋਗ ਹੈ । ਸੰਤ ਬਾਬਾ ਤੀਰਥ ਸਿੰਘ ਜੀ ਦਾ ਜਨਮ **12** ਫਰਵਰੀ **1925** ਨੂੰ ਨਵਾਂ ਜੰਡਵਾਲਾ ਜ਼ਿਲਾ ਸ਼ਾਹਪੁਰ (ਪਾਕਿਸਤਾਨ) ਵਿਖੇ ਮਾਤਾ ਸੇਵਾ ਬਾਈ ਦੀ ਕੁੱਖੋਂ ਪਿਤਾ ਸ: ਤਾਰਾ ਸਿੰਘ ਜੀ ਦੇ ਘਰ ਹੋਇਆ । ਆਪ ਬਚਪਨ ਤੋ ਹੀ ਉੱਜਲ ਸੰਸਕਾਰੀ ਅਤੇ ਅਧਿਆਤਮਕ ਬਿਰਤੀ ਵਾਲੇ ਸਨ । ਗਿਆਰਾਂ ਕੁ ਸਾਲ ਦੀ ਉਮਰ ਵਿੱਚ ਆਪ ਟਿਕਾਣਾ ਭਾਈ ਜਗਤਾ ਜੀ ਨੂਰਪੁਰ ਥਲ ਜ਼ਿਲ੍ਹਾ ਸ਼ਾਹਪੁਰ (ਪਾਕਿਸਤਾਨ) ਵਿਖੇ ਆ ਗਏ । ਆਪ ਜੀ ਨੇ ਸੰਸਾਰਿਕ ਵਿੱਦਿਆ ਦੇ ਨਾਲ ਨਾਲ ਧਾਰਮਿਕ ਵਿੱਦਿਆ ਵੀ ਗ੍ਰਹਿਣ ਕੀਤੀ ਅਤੇ ਤਬਲੇ ਦਾ ਅਭਿਆਸ ਕੀਤਾ । ਉਨ੍ਹਾਂ ਦੀ ਪੇ ੍ਰਰਣਾ ਸਦਕਾ ਗੋਨਿਆਣਾ ਮੰਡੀ ਵਿਖੇ ਭਾਈ ਜਗਤਾ ਜੀ ਹਾਈ ਸਕੂਲ ਹੋਂਦ ਵਿੱਚ ਆਇਆ । ਵਰਤਮਾਨ ਸਮੇਂ ਦੌਰਾਨ ਇਸ ਸਕੂਲ ਦੀਆਂ **26** ਸ਼ਾਖਾਵਾਂ ਵੱਖ-ਵੱਖ ਪਿੰਡਾਂ 'ਚ ਸਫਲਤਾ ਪੂਰਵਕ ਚੱਲ ਰਹੀਆਂ ਹਨ । ਸਾਲ **1973** ਵਿੱਚ ਬਾਬਾ ਜੀ ਨੇ ਲੜਕੀਆਂ ਦੀ ਵਿੱਦਿਆ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਭਾਈ ਆਸਾ ਸਿੰਘ ਗਰਲਜ਼ ਕਾਲਜ ਦੀ ਸਥਾਪਨਾ ਕੀਤੀ । ਮਿਤੀ **15** ਜਨਵਰੀ **1973** ਨੂੰ ਮਹੰਤ ਭਾਈ ਆਸਾ ਸਿੰਘ ਜੀ ਨੇ ਆਪ ਜੀ ਨੂੰ ਹਰ ਰੂਪ ਵਿੱਚ ਮੁਕੰਮਲ ਜਾਣਦਿਆਂ ਆਪਣਾ ਮਨੋਨੀਤ ਉਤੱਰਾ ਅਧਿਕਾਰੀ ਕੀਤਾ । ਇਹ ਦ੍ਰਿੜ ਵਿਸ਼ਵਾਸ਼ ਕਿ ਗੁਰੂ ਤੋਂ ਬਿਨਾਂ ਮਨੁੱਖ ਨੂੰ ਸਹੀ ਮੁਕਤੀ ਨਹੀਂ ਮਿਲ ਸਕਦੀ ਅਤੇ ਨਾ ਹੀ ਉਸ ਨੂੰ ਹੀ ਸ਼ਾਂਤੀ ਅਤੇ ਆਨੰਦ ਪ੍ਰਾਪਤ ਹੋ ਸਕਦਾ ਹੈ । ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਜਪੁਜੀ ਸਾਹਿਬ ਅਤੇ ਸਿੱਧ ਗੋਸ਼ਟਿ ਦਾ ਟੀਕਾ ਕੀਤਾ । ਇਸ ਸੰਬੰਧ ਵਿੱਚ ਛਪੀਆਂ ਪੁਸਤਕਾਂ ਜਪੁ-ਬੋਧ ਅਤੇ ਸਿੱਧ ਗੋਸ਼ਟਿ ਪੁਸਤਕਾਂ ਨੂੰ ਸੰਗਤਾਂ 'ਚ ਬਹੁਤ ਸਲਾਹਿਆ ਗਿਆ ਤੇ ਉੱਚ ਕੋਟੀ ਦੀਆਂ ਪੁਸਤਕਾਂ ਪ੍ਰਮਾਣੀਆਂ ਗਈਆਂ । ਸਾਲ **1984** ਤੋਂ ਬਾਅਦ ਧਰਮ ਪ੍ਰਚਾਰ ਵੱਲ ਵਧੇਰੇ ਧਿਆਨ ਦਿੰਦਿਆਂ ਆਪ ਜੀ ਨੇ **1985** ਵਿੱਚ ਭਾਈ ਘਨੱਈਆ ਸੇ ਵਾ ਜੋਤੀ ਦਾ ਪ੍ਰਕਾਸ਼ਨ ਸ਼ੁਰੂ ਕਰਵਾਇਆ । ਜਿਹੜੀ ਕਿ ਅੱਜ **15** ਹਜ਼ਾਰ ਦੀ ਗਿਣਤੀ ਵਿੱਚ ਛਪਦੀ ਹੈ ਤੇ ਇਹ ਬਿਨਾਂ ਕਿਸੇ ਚੰਦੇ ਤੋਂ ਮੁਫ਼ਤ ਦੇਸ਼ ਵਿਦੇਸ਼ ਵਿੱਚ ਘਰ-ਘਰ ਗਿਆਨ ਦੀ ਜੋਤ ਜਗਾ ਰਹੀ ਹੈ । ਆਪ ਜੀ ਦੀ ਸਰਪ੍ਰਸਤੀ ਹੇਠ ਬਹੁਤ ਸਾਰੀਆਂ ਸਿੱਖਿਆ ਸੰਸਥਾਵਾਂ ਸਥਾਪਤ ਹੋਈਆਂ , ਜਿਸ ਵਿੱਚ ਭਾਈ ਆਸਾ ਸਿੰਘ ਗਰਲਜ਼ ਕਾਲਜ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬਠਿੰਡਾ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਪੋਲੀਟੈਕਨਿਕ ਐਂਡ ਇੰਜੀਨੀਅਰਿੰਗ ਇੰਸਟੀਚਿਊਟ ਆਦਿ ਸ਼ਾਮਿਲ ਹਨ । ਇਸ ਤੋਂ ਇਲਾਵਾ ਆਪ ਜੀ ਦੇ ਉੱਦਮ ਸਦਕਾ ਗੁਰੂ ਤੇਗ ਬਹਾਦਰ ਹਸਪਤਾਲ ਤੇ ਡੈਂਟਲ ਕਾਲਜ ਮਾਡਲ ਟਾਊਨ, ਲੁਧਿਆਣਾ, ਮਹੰਤ ਗੋਪਾਲ ਸਿੰਘ ਇੰਸਟੀਚਿਊਟ ਆਫ ਕੰਪੀਟੀਸ਼ਨਜ ਐਂਡ ਇੰਮਪਲਾਇਮੈਂਟ ਪਟਿਆਲਾ ਦੀ ਸਥਾਪਨਾ

ਹੋਈ । ਹੁਣ 61ਵੀਂ ਸਰਬਹਿੰਦ ਵਿੱਦਿਅਕ ਕਾਨਫਰੰਸ 4 ਤੋਂ 6 ਅਕਤੂਬਰ 2002 ਤੱਕ ਅੰਮ੍ਰਿਤਸਰ ਵਿਖੇ ਆਪ ਜੀ ਦੀ ਸਰਪ੍ਰਸਤੀ ਹੇਠ ਹੋਣ ਜਾ ਰਹੀ ਹੈ । ਮਿਤੀ 18 ਸਤੰਬਰ 1998 ਨੂੰ ਬਾਬਾ ਜੀ ਦੇ ਯਤਨਾਂ ਸਦਕਾ ਭਾਰਤ ਸਰਕਾਰ ਨੇ ਭਾਈ ਘਨੱਈਆ ਸਾਹਿਬ ਜੀ ਦੇ ਨਾਮ ਉੱਤੇ ਯਾਦਗਾਰੀ ਟਿਕਟ ਰਿਲੀਜ਼ ਕੀਤੀ ਜੋ ਕਿ ਸਿੱਖ ਪੰਥ ਵਿੱਚ ਇੱਕ ਮਹਾਨ ਉਪਲਬਧੀ ਹੈ । ਬਾਬਾ ਜੀ ਦੀ ਸਰਪ੍ਰਸਤੀ ਹੇਠ ਭਾਈ ਘਨੱਈਆ ਐਵਾਰਡ ਕਮੇਟੀ ਵੱਲੋਂ ਕਿਸੇ ਐਸੇ ਸੱਜਣ ਜਿਸ ਨੇ ਆਪਣਾ ਸਾਰਾ ਜੀਵਨ ਸੇਵਾ ਨੂੰ ਸਮਰਪਿਤ ਕੀਤਾ ਹੋਵੇ , ਨੂੰ ਭਾਈ ਘਨੱਈਆ ਐਵਾਰਡ ਦਿੱਤਾ ਜਾਂਦਾ ਹੈ । ਪਹਿਲਾ ਐਵਾਰਡ ਭਗਤ ਪੂਰਨ ਸਿੰਘ ਜੀ ਨੂੰ(ਮਰਨ ਉਪਰੰਤ) ਦਿੱਤਾ ਗਿਆ, ਦੂਜਾ ਐਵਾਰਡ ਬਾਬਾ ਸ੍ਰੀ ਮੁਰਲੀਧਰ ਦੇਵੀ ਦਾਸ (ਬਾਬਾ ਆਮਟੇ) ਜੋ ਨਰਮਦਾ ਨਦੀਂ 'ਤੇ ਬਣ ਰਹੇ ਡੈਮ ਨੂੰ ਰੋਕਣ ਲਈ ਲੋਕਾਂ ਦੇ ਹਿੱਤ ਵਿੱਚ ਲੜ ਰਹੇ ਹਨ ਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਯਤਨ ਕਰ ਰਹੇ ਹਨ ਨੂੰ ਦਿੱਤਾ ਗਿਆ । ਤੀਜਾ ਐਵਾਰਡ ਸ: ਭਗਵੰਤ ਸਿੰਘ ਦਲਾਵਰੀ, ਜੋ ਕਿ ਅਮਰਾਵਤੀ (ਮਹਾਰਾਸ਼ਟਰ) ਵਿਖੇ ਕੁਸ਼ਟ ਆਸ਼ਰਮ ਦੀ ਸੇਵਾ ਕਰ ਰਹੇ ਹਨ, ਨੂੰ ਪਦ੍ਰਾਨ ਕੀਤਾ ਗਿਆ । ਇਸ ਐਵਾਰਡ ਵਿੱਚ ਇੱਕ ਯਾਦਗਾਰੀ ਮੋਮੈਂਟੋ, ਇੱਕ ਸ਼ਾਲ ਤੇ ਇੱਕ ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ । ਸਾਲ 2000 ਵਿੱਚ ਬਾਬਾ ਜੀ ਨੇ ਬਠਿੰਡਾ ਦੀਆਂ ਥਰਮਲ ਪਲਾਟ ਝੀਲਾਂ ਦੇ ਨੇੜੇ ਭਾਈ ਘਨੱਈਆ ਸਾਹਿਬ ਨੂੰ ਸਮਰਪਿਤ "ਸਟੈਚੂ ਆਫ ਪੀਸ" ਭਾਈ ਘਨੱਈਆ ਚੌਕ ਬਣਾਇਆ ਗਿਆ, ਜੋ ਕਿ ਆਪਣੇ ਆਪ ਵਿਚ ਇਕ ਅਜੂਬਾ ਹੈ । ਚਾਰ ਪਾਤਸ਼ਾਹੀਆਂ ਦੀ ਚਰਨ ਛੋਹ ਪ੍ਰਾਪਤ ਇਤਹਾਸਕ ਗੁਰਦੁਆਰੇ ਲੱਖੀ ਜੰਗਲ ਦੀ ਬੜੀ ਖੁੱਲਦਿਲੀ ਨਾਲ ਸੇਵਾ ਕਰਵਾਈ ਅਤੇ ਬਠਿੰਡਾ ਵਿੱਖੇ ਸਟੇਡੀਅਮ ਦੇ ਕੋਲ ਗੁਰਦੁਆਰਾ ਭਾਈ ਜਗਤਾ ਜੀ ਸਾਹਿਬ ਦੀ ਆਲੀ ਸ਼ਾਨ ਇਮਾਰਤ ਦੀ ਉਸਾਰੀ ਹੋ ਰਹੀ ਹੈ । ਇਨ੍ਹਾਂ ਦੀਆਂ ਸੇਵਾਵਾਂ ਨੂੰ ਦੇਖਦਿਆਂ ਹੋਇਆਂ ਧਰਮ ਪ੍ਰਚਾਰ ਕਮੇਟੀ ਚੀਫ਼ ਖਾਲਸਾ ਦੀਵਾਨ ਅਤੇ ਅੰਮ੍ਰਿਤਸਰ ਦੀਆਂ ਸਮੂਹ ਸਭਾ ਸੁਸਾਇਟੀਆਂ ਵੱਲੋਂ 16 ਮਾਰਚ 1993 ਨੂੰ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ । ਇਸੇ ਤਰ੍ਹਾਂ ਗੁਰੂ ਅਰਜਨ ਦੇਵ ਕੀਰਤਨ ਮੰਡਲ ਪਟਿਆਲਾ ਵੱਲੋਂ 25 ਮਈ 1993 ਨੂੰ ਭਗਤ ਪੂਰਨ ਸਿੰਘ ਐਵਾਰਡ ਦਿੱਤਾ ਗਿਆ । ਸਾਲ 1999 ਵਿੰਚ ਸ੍ਰੀ ਅਨੰਦਪੁਰ ਸਾਹਿਬ ਵਿਖੇ 300 ਸਾਲਾ ਖ਼ਾਲਸਾ ਸਾਜਨਾ ਦਿਵਸ ਤੇ 'ਆਨਰ ਆਫ ਖਾਲਸਾ' ਨਾਲ ਸਨਮਾਨਿਤ ਕੀਤਾ ਗਿਆ । ਇਸੇ ਤਰ੍ਹਾਂ ਹੋਰ ਵੀ ਅਨੇਕਾਂ ਸੇਵਾ ਸੁਸਾਇਟੀਆਂ, ਸਭਾਵਾਂ ਜਥੇਬੰਦੀਆਂ, ਵਿੱਦਿਅਕ ਜਥੇਬੰਦੀਆਂ ਤੇ ਧਾਰਮਿਕ ਜਥੇਬੰਦੀਆਂ ਵੱਲੋਂ ਆਪ ਜੀ ਨੂੰ ਵੱਖ-ਵੱਖ ਸਮਿਆਂ ਤੇ ਅਨੇਕਾਂ ਵਾਰ ਸਨਮਾਨਿਤ ਕੀਤਾ ਗਿਆ । ਵਾਹਿਗੁਰੂ ਆਪ ਜੀ ਨੂੰ ਦੀਰਘ ਆਯੂ ਪੂਰਨ ਦੇਹ ਅਰੋਗਤਾ ਅਤੇ ਹੋਰ ਸੇਵਾ ਕਰਨ ਕਰਵਾਉਣ ਦਾ ਬਲ ਤੇ ਸਮਰੱਥਾ ਬਖ਼ਸ਼ੇ ।

(ਸੰਤ) ਭੁਪਿੰਦਰ ਸਿੰਘ 'ਸੇਵਾ ਪੰਥੀ'
ਟਿਕਾਣਾ ਭਾਈ ਜਗਤਾ ਜੀ ਸਾਹਿਬ
ਗੋਨਿਆਣਾ ਮੰਡੀ ।

(ਧੰਨਵਾਦ ਸਹਿਤ 'ਰੋਜ਼ਾਨਾ ਅਜੀਤ' ਵਿੱਚੋ)

# ਪ੍ਰੋਗਰਾਮ ਪ੍ਰਚਾਰ-ਯਾਤਰਾ ਮਈ 2002

## ਸ਼੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਕੋਡ : 0164 ਫ਼ੋਨ : 262012, 263000, 262051, ਫੈਕਸ : 262657

ਮੋਬਾਇਲ (ਮਹੰਤ ਸਾਹਿਬ) : 98140-32957

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 4-5-2002 | ਭਗਤਾ ਭਾਈ ਕਾ (ਬਠਿੰਡਾ) | ਮਹੂਰਤ ਦੁਕਾਨ<br>ਸ਼੍ਰੀ ਲੀਲਾਧਰ/ਹਰਜੀਤ ਸਿੰਘ<br>ਫ਼ੋਨ 764036 |
| 8-5-2002 | ਕੋਟਕਪੂਰਾ | ਮਹੂਰਤ ਦੁਕਾਨ<br>ਸ: ਸੁੰਦਰ ਸਿੰਘ/ਉਪਕਾਰ ਸਿੰਘ<br>ਫ਼ੋਨ 26030 |
| 11-5-2002 | ਹੁਸ਼ਿਆਰਪੁਰ | ਰਾਤ ਠਹਿਰਾਓ<br>ਡੇਰਾ ਹਰੀ ਭਗਤਪੁਰਾ<br>ਮਿੱਠਾ ਟਿਵਾਣਾ। |
| 12-5-2002 | ਊਨਾ ਸਾਹਿਬ | ਆਨੰਦ ਕਾਰਜ<br>ਬੀਬੀ ਹਰਲੀਨ ਕੌਰ<br>ਸਪੁੱਤਰੀ ਬਾਬਾ ਸਰਬਜੋਤ ਸਿੰਘ ਬੇਦੀ |

14-5-2002 ਗੋਨਿਆਣਾ ਭਾਈ ਜਗਤਾ ਵਿਖੇ ਸੰਗਰਾਂਦ ਦਾ ਮਾਸਿਕ ਸਮਾਗਮ

ਨੋਟ :- ਵਧੇਰੇ ਜਾਣਕਾਰੀ ਲਈ ਫ਼ੋਨ : **262012,262657** ਤੇ ਸੰਪਰਕ ਕਰੋ।

# ਸੁਖਮਨੀ ਸਾਹਿਬ

- ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਾਧ ਕੈ ਸੰਗਿ ਸਭ ਕੁਲ ਉਧਾਰੈ ॥
ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥
ਸਾਧੂ ਕੈ ਸੰਗਿ ਸੋ ਧਨੁ ਪਾਵੈ ॥
ਜਿਸੁ ਧਨੁ ਤੇ ਸਭੁ ਕੋ ਵਰਸਾਵੈ ॥
ਸਾਧਸੰਗਿ ਧਰਮ ਰਾਇ ਕਰੇ ਸੇਵਾ ॥
ਸਾਧ ਕੈ ਸੰਗਿ ਸੋਭਾ ਸੁਰਦੇਵਾ ॥
ਸਾਧੂ ਕੈ ਸੰਗਿ ਪਾਪ ਪਲਾਇਨ ॥
ਸਾਧ ਸੰਗਿ ਅੰਮ੍ਰਿਤ ਗੁਨ ਗਾਇਨ ॥
ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥
ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥੫॥

# ਸੇਵਾ ਤੇ ਸਿਮਰਨ

- ਗਿ: ਸੰਤ ਸਿੰਘ 'ਮਸਕੀਨ'

ਧਾਰਮਿਕ ਦੁਨੀਆਂ ਵਿਚ ਸੇਵਾ ਤੇ ਸਿਮਰਨ ਦੀ ਚਰਚਾ ਬਹੁਤ ਹੈ- ਪਰ ਜੀਵਨ ਵਿੱਚ ਇਨ੍ਹਾਂ ਦੋਹਾਂ ਦਾ ਅਭਾਵ ਹੈ ਤੇ ਦੋਹਾਂ ਦੀ ਸਮਝ ਵੀ ਅਧੂਰੀ ਹੈ।

ਸਿਮਰਨ ਸ਼ਕਤੀ, ਚੇਤੇ ਸ਼ਕਤੀ ਅਕਾਲ ਪੁਰਖ ਵੱਲੋਂ ਮਿਲਿਆ ਇਹ ਮਹਾਨ ਤੋਹਫ਼ਾ ਹੈ- ਜਿਸ ਦੇ ਆਸਰੇ ਤੇ ਮਨੁੱਖਤਾ ਦਾ ਵਿਕਾਸ ਹੁੰਦਾ ਹੈ। ਕੱਲ੍ਹ ਦੀ ਘਟਨਾ ਅੱਜ ਚੇਤੇ ਨਹੀਂ ਤਾਂ ਅੱਜ ਅੱਗੇ ਕਦਮ ਪੁੱਟਣਾ ਔਖਾ ਹੋ ਜਾਵੇਗਾ। ਚੇਤੇ ਸ਼ਕਤੀ ਦੇ ਆਸਰੇ ਤੇ ਹੀ ਸਾਰਾ ਵਿਕਾਸ ਖੜਾ ਹੈ। ਚਿਤ ਜਿਸ ਨੂੰ ਯਾਦ ਕਰਦਾ ਹੈ- ਉਸ ਨਾਲ ਸੰਬੰਧ ਜੁੜਿਆ ਰਹਿੰਦਾ ਹੈ ਜੋ ਭੁੱਲ ਜਾਂਦਾ ਹੈ -ਵਿਸਮਰਤ ਹੋ ਜਾਂਦਾ ਹੈ, ਉਸ ਨਾਲ ਸੰਬੰਧ ਟੁੱਟ ਜਾਂਦਾ ਹੈ। ਜੋ ਯਾਦ ਵਿੱਚ ਹੈ -ਉਸ ਨਾਲ ਹੀ ਸੰਬੰਧ ਜੁੜਿਆ ਰਹਿੰਦਾ ਹੈ ਪਰ ਯਾਦ ਉਸੇ ਦੀ ਹੀ ਆਵੇਗੀ ਜਿਸ ਦਾ ਮਨ ਤੇ ਬਹੁਤਾ ਪ੍ਰਭਾਵ ਹੈ। ਔਰ ਪ੍ਰਭਾਵ ਉਸੇ ਦਾ ਹੀ ਪਵੇਗਾ ਜਿਸ ਨੂੰ ਕੀਮਤੀ (ਮਹਾਨ) ਸਮਝਿਆ ਹੈ।

ਘਰ ਵਿਚ ਖ਼ਾਸ ਵਸਤੂਆਂ,ਕੀਮਤੀ ਵਸਤੂਆਂ ਤਾਂ ਚੇਤੇ ਰਹਿੰਦੀਆਂ ਹਨ- ਪਰ ਤੁੱਛ ਮਾਮੂਲੀ ਭੁੱਲ ਜਾਂਦੀਆਂ ਹਨ ਤੇ ਜੋ ਭੁੱਲਦੀਆਂ ਹਨ-ਉਨ੍ਹਾਂ ਨਾਲ ਸੰਬੰਧ ਵੀ ਟੁੱਟ ਜਾਂਦਾ ਹੈ।

ਸੋ ਜਿਸ ਦਾ ਪ੍ਰਭਾਵ ਪੈ ਗਿਆ ਹੈ ਉਹ ਗੱਲ ਭੁਲਾਉਣੀ ਔਖੀ ਹੈ। ਉਹ ਵਸਤੂ ਔਰ ਹਸਤੀ ਭੁੱਲੇਗਾ ਨਹੀਂ ਪਰ ਜਿਸ ਦਾ ਪ੍ਰਭਾਵ ਨਹੀਂ ਪਿਆ ਉਸ ਨੂੰ ਯਾਦ ਵੀ ਕੀਤਾ ਤਾਂ ਭੁਲ ਜਾਏਗਾ- ਸੋ ਇਹ ਇਕ ਅਟੱਲ ਸੱਚਾਈ ਹੈ - ਉਹੀ ਯਾਦ ਰਹਿੰਦਾ ਹੈ-ਜਿਸ ਨੂੰ ਖ਼ਾਸ ਮਹਾਨ ਮੰਨ ਲਿਆ ਹੈ। ਉਹ ਭੁੱਲ ਜਾਂਦਾ ਹੈ ਜੋ ਤੁੱਛ ਹੈ-ਉਪਯੋਗੀ ਨ ਹੋਵੇ ਈਸ਼ਵਰ ਗਵਾਚਿਆ ਨਹੀਂ ਹੈ। ਅਕਾਲ ਪੁਰਖ ਸਾਥੋਂ ਦੂਰ ਵੀ ਨਹੀਂ ਹੈ-ਉਹ ਤਾਂ ਸਾਡੇ ਰੋਮ-ਰੋਮ ਵਿੱਚ ਹੈ ਪਰ ਅਸੀਂ ਭੁੱਲ ਗਏ ਹਾਂ। ਜਿਸ ਦੀ ਸੱਤਾ ਨਾਲ ਜੀਵਨ-ਰੌ ਚਲ ਰਹੀ ਹੈ ਤੇ ਉਹ ਭੁੱਲ ਜਾਵੇ ਫਿਰ ਜੀਵਨ ਵਿੱਚ ਸੁੱਖ ਸੁਪਨਾ ਹੀ ਹੋ ਜਾਂਦਾ ਹੈ :

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥

ਜਿਸ ਨੂੰ ਯਾਦ ਕਰਾਂਗੇ ਉਸ ਦੇ ਗੁਣ-ਔਗੁਣ ਵੀ ਯਾਦ ਆਉਣਗੇ। ਚੇਤੇ ਸ਼ਕਤੀ ਨਾਲ ਅਸੀਂ ਜਿਸ ਨਾਲ ਸੰਬੰਧ ਜੋੜਾਂਗੇ-ਉਸ ਦਾ ਗੁਣ ਸੁਭਾਵ ਵੀ ਸਾਡੇ ਅੰਦਰ ਪ੍ਰਵੇਸ਼ ਕਰੇਗਾ। ਨਿਥੱਕ, ਤੁੱਛ ਯਾ ਆਪਣੇ ਤੋਂ ਛੋਟੇ ਨੂੰ ਬਾਰ-ਬਾਰ ਯਾਦ ਕਰਨ ਨਾਲ ਸੂਖਮ ਵੀ ਨਿਥੱਕ ਤੇ ਤੁੱਛ ਹੋ ਜਾਵੇਗਾ। ਬਾਰ-ਬਾਰ ਝੂਠ ਨੂੰ ਚੇਤੇ ਕੀਤਾ ਤਾਂ ਝੂਠਾ ਹੋ ਹੀ ਜਾਵੇਗਾ। ਸੱਚ ਦਾ ਚਿੰਤਨ ਸੱਚ ਸਰੂਪ ਕਰ ਦੇਂਦਾ ਹੈ।

ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ ॥

ਅਗਰ ਚੇਤੇ ਸ਼ਕਤੀ ਰੱਖਦਾ ਹੈ ਤਾਂ ਉਸ ਮਾਲਕ ਸੱਚੇ ਨੂੰ ਚੇਤੇ ਕਰ-ਸੱਚ ਤਾਂ ਇਹ ਕਿ ਜੋ ਮਾਲਕ ਨੂੰ ਚੇਤੇ ਕਰਦਾ ਹੈ ਉਹ ਆਪਣੇ ਆਪ ਦਾ ਮਾਲਕ ਹੋ ਜਾਂਦਾ ਹੈ ਔਰ ਜੋ ਆਪਣੇ ਤੇ ਤੁੱਛ ਨੂੰ ਚੇਤੇ ਕਰਦਾ ਹੈ- ਉਹ ਤਾਂ ਗੁਲਾਮ ਹੋ ਕੇ ਰਹਿ ਜਾਂਦਾ ਹੈ।

ਮਨੁੱਖ ਧਰਤੀ ਦਾ ਸਿਰਮੌਰ ਪ੍ਰਾਣੀ ਹੈ ਪਰ ਆਪਣੇ ਤੋਂ ਥੱਲੇ ਨੂੰ ਬਾਰ-ਬਾਰ ਚੇਤੇ ਕਰ, ਇਸ ਬਾਰ-ਬਾਰ ਅਧੋਗਤੀ ਨੂੰ ਪ੍ਰਾਪਤ ਹੋਇਆ ਹੈ। ਸੱਚ ਨੂੰ ਬਾਰ-ਬਾਰ ਭੁੱਲਿਆ ਹੈ ਤੇ ਬਾਰ-ਬਾਰ ਪਛਤਾਇਆ ਹੈ :

ਭੋਲਾਵੜੈ ਭੁਲੀ ਭੁਲਿ ਪਛੋਤਾਣੀ ॥

ਸੋ ਪ੍ਰਸ਼ਨ ਖੜਾ ਹੁੰਦਾ ਹੈ ਕਿ ਸਿਮਰਨ ਕਿਸ ਦਾ ਕਰੀਏ ? ਚੇਤੇ ਕਿਸ ਨੂੰ ਕਰੀਏ ਤੇ ਸੇਵਾ ਕਿਸ ਦੀ ਕਰੀਏ ?

ਸਿਮਰਨ ਉਸ ਦਾ ਕਰਨਾ ਹੈ ਜੋ ਹਰ ਹਾਲਤ ਵਿੱਚ ਸਾਥੋਂ ਅੱਗੇ ਹੈ ਤੇ ਸੇਵਾ ਉਸ ਦੀ ਕਰਨੀ ਜੋ ਕਿਸੇ ਵੀ ਪਹਿਲੂ ਵਿੱਚ ਸਾਡੇ ਨਾਲੋਂ ਪਿੱਛੇ ਹੈ।

ਹਰ ਦੇਸ਼ ਹਰ ਹਾਲਤ ਵਿੱਚ ਅੱਗੇ ਨਹੀਂ ਹੈ ਤੇ ਹਰ ਹਾਲਤ ਵਿੱਚ ਪਿੱਛੇ ਵੀ ਨਹੀਂ ਹੈ। ਇਹ ਨਿਯਮ ਕੌਮੀ ਪੱਧਰ ਤੇ ਵਿਅਕਤੀ ਪੱਧਰ ਤੇ ਵੀ ਲਾਗੂ ਹੁੰਦਾ ਹੈ। ਕੋਈ ਕੌਮ ਕੋਈ ਵਿਅਕਤੀ ਹਰ ਪਹਿਲੂ ਵਿੱਚ ਅੱਗੇ ਨਹੀਂ ਹੈ ਤੇ ਹਰ ਹਾਲਤ ਵਿੱਚ ਪਿੱਛੇ ਨਹੀਂ ਹੈ।

ਸੂਈ ਆਪਣੀ ਥਾਂ ਤੇ ਅੱਗੇ ਹੈ, ਕਿਉਂ ਕਿ ਸੀ ਸਕਦੀ ਹੈ- ਪਰ ਰੱਖਿਆ ਕਰਨ ਵਿੱਚ ਪਿੱਛੇ ਹੈ। ਤਲਵਾਰ ਰੱਖਿਆ ਕਰਨ ਵਿੱਚ ਤਾਂ ਅੱਗੇ ਹੈ : ਪਰ ਸੀ ਸਕਣ ਦਾ ਕੰਮ ਤਲਵਾਰ ਤੋਂ ਨਹੀਂ ਲਿਆ ਜਾ ਸਕਦਾ। ਤੁੱਛ ਵੀ ਹਰ ਹਾਲਤ ਵਿੱਚ ਤੁੱਛ ਨਹੀਂ ਹੈ-ਕਿਸੇ ਥਾਂ ਤੇ ਉਸ ਦਾ ਉਪਯੋਗ ਹੈ ਤੇ ਮਹਾਨ ਵੀ ਹਰ ਹਾਲਤ ਮਹਾਨ ਨਹੀਂ ਹੈ -ਕਿਸੇ ਥਾਂ ਪਿੱਛੇ ਹੈ-ਇਹ ਇੱਕ ਉਦਾਹਰਣ ਹੈ ਜੋ ਸਮਸਤ ਜਗਤ ਤੇ ਲਾਗੂ ਹੁੰਦੀ ਹੈ।

ਸੋ ਸਿਮਰਨ ਉਸ ਦਾ ਕਰਨਾ ਹੈ ਜੋ ਹਰ ਹਾਲਤ ਵਿੱਚ ਅੱਗੇ ਹੈ ਜੋ ਪਿਛੇ ਹੈ ਹੀ ਨਹੀਂ-ਜਿਸ ਨੂੰ ਪਿੱਛੇ ਰੱਖਿਆ ਵੀ ਨਹੀਂ ਜਾ ਸਕਦਾ-ਉਹ ਤਾਂ ਕੇਵਲ ਅਕਾਲ ਪੁਰਖ ਹੈ-ਉਸ ਅਕਾਲ ਪੁਰਖ ਦਾ ਸਿਮਰਨ ਇਸ ਲਈ ਕਰਨਾ ਹੈ ਕਿ ਅਸੀਂ ਅੱਗੇ ਹੋ ਸਕੀਏ :

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥

ਅਕਾਲ ਪੁਰਖ ਬੇਅੰਤ ਹੈ ਤੇ ਬੇਅੰਤ ਨੂੰ ਚੇਤੇ ਕਰਨ ਦੀ ਇਕ ਸ਼ਰਤ ਹੈ-ਉਸ ਨੂੰ ਆਪਣਾ ਅੰਤ ਚੇਤੇ ਹੋਵੇ।

ਸਮਸਤ ਧਰਮਾਂ ਨੇ ਮੌਤ ਦਾ ਚਿੰਤਨ ਦੱਸਿਆ ਹੈ ਕਿਉਂਕਿ ਮੌਤ ਅੱਜ,ਹੁਣ ਨਹੀਂ ਅੱਗੇ ਹੈ- ਚਾਹੇ ਇਕ ਪਲ ਵੀ ਹੈ- ਪਰ ਅੱਗੇ ਹੈ। ਜਨਮ ਪਿਛੇ ਹੈ ਜੋ ਆਪਣੀ ਚੇਤੇ ਸ਼ਕਤੀ ਅਗਾਂਹ-ਵਧੂ ਕਰੇਗਾ ਉਸ ਨੂੰ ਮੌਤ ਚੇਤੇ ਆਵੇਗੀ। ਜੋ ਆਪਣੀ ਚੇਤੇ ਸ਼ਕਤੀ ਨੂੰ ਪਿਛੇ ਕਰੇਗਾ ਉਸ ਨੂੰ ਜਨਮ ਚੇਤੇ ਆਵੇਗਾ ਜੋ ਖਿੜਿਆ ਹੋਇਆ ਫੁੱਲ ਹੈ- ਜਿਸ ਨੂੰ ਉਸ ਫੁੱਲ ਵਿੱਚ ਮੁਰਝਾਣਾ ਦਿੱਸ ਗਿਆ ਹੈ -ਫਿਰ ਫੁੱਲ ਦਾ ਵੇਖਣਾ ਬੰਧਨ ਨਹੀਂ ਹੋਵੇਗਾ।

ਮੁਰਝਾਏ ਹੋਏ ਫੁੱਲ ਨੂੰ ਵੇਖ, ਮਹਾਤਮਾਂ ਬੁੱਧ ਉਸ ਜੀਵਨ ਫੁੱਲ ਦੀ ਤਲਾਸ਼ ਵਿੱਚ ਨਿਕਲ ਪਏ, ਜਿਸ ਵਿੱਚ ਮੁਰਝਾਉਣਾ ਨਹੀਂ ਹੈ। ਧਰਮ ਦੀ ਪਹਿਲੀ ਸ਼ਰਤ ਹੈ ਕਿ ਮੌਤ ਚੇਤੇ ਹੋਵੇ :

**ਸਤਿਗੁਰੂ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥**

**ਪਦ ਅਰਥ** : ਸਹਜ - ਆਤਮਿਕ ਅਡੋਲਤਾ, ਗਿਆਨ-ਸਹਿਤ।

**ਅਰਥ** : ਸਤਿਗੁਰੂ ਨੂੰ ਤਾਂ ਮੈਂ ਗਿਆਨ ਨਾਲ ਪਾਇਆ ਹੈ ਤੇ ਆਤਮਿਕ ਅਡੋਲਤਾ ਪ੍ਰਾਪਤ ਹੋਈ ਹੈ ਅਤੇ ਮੇਰੇ ਮਨ ਵਿੱਚ ਖੁਸ਼ੀਆਂ ਦੇ ਵਾਜੇ ਵੱਜ ਰਹੇ ਹਨ।

**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥**

**ਅਰਥ** :ਰਤਨਾਂ ਵਰਗੇ ਸੋਹਣੇ ਰਾਗ ਆਪਣੇ ਪਰਿਵਾਰ ਤੇ ਰਾਗਣੀਆਂ ਸਮੇਤ (ਮੇਰੇ ਮਨ ਵਿੱਚ ਮਾਨੋਂ) ਪ੍ਰਭੂ ਦੀ ਸਿਫਤ ਸਲਾਹ ਦੇ ਗੀਤ ਗਾਵਣ ਆ ਗਏ ਹਨ।

**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥**

**ਪਦ ਅਰਥ** : ਹਰੀ ਕੇਰਾ- ਪ੍ਰਭੂ ਦਾ।

**ਅਰਥ** : ਹੇ ਭਾਈ ! ਤੁਸੀਂ ਵੀ ਪ੍ਰਭੂ ਦੀ ਸਿਫ਼ਤ ਦਾ ਸ਼ਬਦ ਗਾਇਨ ਕਰੋਂ। ਜਿਨ੍ਹਾਂ-ਜਿਨ੍ਹਾਂ ਨੇ ਆਪਣੇ ਮਨ ਵਿੱਚ ਗੁਰੂ ਸ਼ਬਦ ਨੂੰ ਵਸਾਇਆ ਹੈ ਉਨ੍ਹਾਂ ਦੇ ਅੰਦਰ ਆਤਮਿਕ ਅਨੰਦ ਪੈਦਾ ਹੋ ਜਾਂਦਾ ਹੈ।

**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥**

**ਅਰਥ** - ਗੁਰੂ ਸਾਹਿਬ ਜੀ ਫ਼ਰਮਾਉਂਦੇਂ ਹਨ ਕਿ ਹੁਣ ਮੈਨੂੰ ਆਤਮਿਕ ਪ੍ਰਸੰਨਤਾ ਦਾ ਸੁੱਖ ਪ੍ਰਾਪਤ ਹੋ ਗਿਆ ਹੈ ਕਿਉਂਕਿ ਮੈਂ ਸਤਿਗੁਰੂ ਨੂੰ ਪ੍ਰਾਪਤ ਕਰ ਲਿਆ ਹੈ ।

**ਭਾਵ ਅਰਥ**- ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਆਪਣੇ ਜੀਵਨ ਵਿੱਚ ਪ੍ਰਾਪਤ ਹੋਈ ਅਨੰਦਮਈ ਅਵਸਥਾ ਦਾ ਵਰਣਨ ਕਰ ਰਹੇ ਹਨ ਕਿ ਵੀਹ ਵਾਰ ਗੰਗਾ ਦੇ ਇਸ਼ਨਾਨ ਅਤੇ ਹੋਰ ਅਨੇਕਾਂ ਪੁੰਨਮਈ ਕਰਮਾਂ ਨੂੰ ਕਰਦਿਆਂ ਤੇ ਅਨੇਕ ਪ੍ਰਕਾਰ ਦੇ ਸੁੱਖਾਂ ਨੂੰ ਮਾਣਦਿਆਂ ਸਾਨੂੰ ਆਤਮਿਕ ਅਨੰਦ ਦੀ ਪ੍ਰਾਪਤੀ ਨਾ ਹੋਈ ਜਦੋਂ ਅਕਾਲ ਪੁਰਖ ਦੀ ਕਿਰਪਾ ਦੁਆਰਾ ਪੂਰੇ ਗੁਰੂ ਅੰਗਦ ਦੇਵ ਜੀ ਦਾ ਮਿਲਾਪ ਪ੍ਰਾਪਤ ਹੋਇਆ। ਪੂਰੇ ਗੁਰੂ ਤੋਂ ਪ੍ਰਭੂ ਪ੍ਰਾਪਤੀ ਦਾ ਗਿਆਨ ਪ੍ਰਾਪਤ ਹੋਣ ਤੇ ਸਾਨੂੰ ਸਦੈਵੀ ਰਹਿਣ ਵਾਲਾ ਸੁੱਖ (ਆਤਮਿਕ ਆਨੰਦ) ਪ੍ਰਾਪਤ ਹੋਇਆ ਹੈ। ਪੂਰੇ ਗੁਰੂ ਤੋਂ ਹੀ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ ਹੋਣ ਦੇ ਵਰ ਮੈਨੂੰ ਪ੍ਰਾਪਤ ਹੋਏ ਹਨ। ਜਿਵੇਂ ਅਨੇਕ ਪ੍ਰਕਾਰ ਦੇ ਰਾਗ ਰਾਗਣੀਆਂ ਸਮੇਤ ਸ਼ਬਦ ਗਾਇਨ ਕਰਦੇ ਸੁਣਾਈ ਦਿੰਦੇ ਹਨ। ਇਹ ਸਭ ਬਖ਼ਸ਼ਿਸ਼ ਪੂਰੇ ਗੁਰੂ ਦੇ ਮਿਲਾਪ ਹੋਣ ਤੇ ਹੀ ਪ੍ਰਾਪਤ ਹੋਈ ਹੈ। ਸੋ ਹੇ ਭਾਈ ਸਤਸੰਗੀਓ ! ਤੁਸੀਂ ਵੀ ਪੂਰੇ ਗੁਰੂ ਦੇ ਉਪਦੇਸ਼ ਦੁਆਰਾ ਹਰੀ ਦੇ ਨਾਮ ਦਾ ਗਾਇਨ ਕਰੋ ਤਾਂ ਤੁਹਾਨੂੰ ਵੀ ਜੀਵਨ ਵਿੱਚ ਸੱਚਾ ਅਨੰਦ ਪ੍ਰਾਪਤ ਹੋਵੇਗਾ। (ਚਲਦਾ ....)



ੴ

# ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

- ਭਾਈ ਨੰਦ ਲਾਲ ਜੀ 'ਗੋਯਾ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਲਾ-ਮਕਾਂ ਪਾ-ਬੋਸਿ ਗੁਰ ਗੋਬਿੰਦ ਸਿੰਘ ॥
ਬਰ ਦੋ ਆਲਮ ਕੌਸਿ ਗੁਰ ਗਬਿੰਦ ਸਿੰਘ ॥
ਸੁਲਸ ਹਮ ਮਹਿਕੂਮਿ ਗੁਰ ਗੋਬਿੰਦ ਸਿੰਘ ॥
ਰੁੱਬਅ ਹਮ ਮਖਤੂਮਿ ਗੁਰ ਗੋਬਿੰਦ ਸਿੰਘ ॥

ਲਾ-ਮਕਾਂ ਪਾ-ਬੋਸਿ ਗੁਰ ਗੋਬਿੰਦ ਸਿੰਘ ॥
ਬਰ ਦੋ ਆਲਮ ਕੌਸਿ ਗੁਰ ਗਬਿੰਦ ਸਿੰਘ ॥

ਅਰਥ : ਲਾਮਕਾਨ, ਅਨੰਤ ਗੁਰੂ ਗੋਬਿੰਦ ਸਿੰਘ ਦੇ ਚਰਨ-ਚੁੰਮਦਾ ਹੈ, ਦੋਹਾਂ ਜਹਾਨਾਂ ਤੇ ਗੁਰੂ ਗੋਬਿੰਦ ਸਿੰਘ ਦਾ ਨਗਾਰਾ ਵੱਜਦਾ ਹੈ ।

ਸੁਲਸ ਹਮ ਮਹਿਕੂਮਿ ਗੁਰ ਗੋਬਿੰਦ ਸਿੰਘ ॥
ਰੁੱਬਅ ਹਮ ਮਖਤੂਮਿ ਗੁਰ ਗੋਬਿੰਦ ਸਿੰਘ ॥

ਅਰਥ : ਤਿੰਨੇ ਲੋਕ ਗੁਰੂ ਗੋਬਿੰਦ ਸਿੰਘ ਦੀ ਆਗਿਆ ਵਿਚ ਹਨ, ਚਾਰੇ ਖਾਣੀਆਂ ਗੁਰੂ ਗੋਬਿੰਦ ਦੀਆਂ ਮੁਹਰਬੰਦ ਹਨ ।

(ਚਲਦਾ ....)

**ਸਾਧ ਕੈ ਸੰਗਿ ਸਭ ਕੁਲ ਉਧਾਰੈ ॥**
**ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥**

**ਅਰਥ :-** ਸਾਧੂ ਕੇ ਸੰਗ ਕਰਕੇ (ਜੀਵ) ਸਾਰੀਆਂ ਕੁਲਾਂ ਉਧਾਰ ਲੈਂਦਾ ਹੈ ਭਾਵ ਤਾਰ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਹੀ ਸੱਜਣਾਂ ਮਿੱਤਰਾਂ ਅਤੇ ਕੁਟੰਬ-ਪਰਿਵਾਰ ਨੂੰ ਸੰਸਾਰ ਸਮੁੰਦਰ ਤੋਂ ਤਾਰ ਲੈਂਦਾ ਹੈ।

**ਸਾਧੂ ਕੈ ਸੰਗਿ ਸੋ ਧਨੁ ਪਾਵੈ ॥**
**ਜਿਸੁ ਧਨੁ ਤੇ ਸਭੁ ਕੋ ਵਰਸਾਵੈ ॥**

**ਅਰਥ :-** ਸਾਧੂ ਦੇ ਸੰਗ ਕਰਕੇ ਜੀਵ ਉਸ ਨਾਮ ਧਨ ਨੂੰ ਪਾਉਂਦਾ ਹੈ। ਜਿਸ ਨਾਮ ਧਨ ਕਰਕੇ ਸਭ ਕੋਈ ਇਸਤੋਂ ਵਰੋਸਾਉਂਦਾ ਭਾਵ ਲਾਭ ਪ੍ਰਾਪਤ ਕਰਦਾ ਹੈ।

**ਸਾਧਸੰਗਿ ਧਰਮ ਰਾਇ ਕਰੇ ਸੇਵਾ ॥**
**ਸਾਧ ਕੈ ਸੰਗਿ ਸੋਭਾ ਸੁਰਦੇਵਾ ॥**

**ਅਰਥ :-** ਸਾਧੂ ਦੇ ਸੰਗ ਕਰਕੇ ਪ੍ਰਲੋਕ ਵਿੱਚ ਧਰਮ ਰਾਇ ਇਸ ਦੀ ਸੇਵਾ ਕਰਦਾ ਹੈ। ਸਾਧੂ ਦੇ ਸੰਗ ਕਰਕੇ ਸੁਰਦੇਵਾ- ਇੰਦਰ ਵੀ ਸੋਭਾ ਕਰਦਾ ਹੈ।

**ਸਾਧੂ ਕੈ ਸੰਗਿ ਪਾਪ ਪਲਾਇਨ ॥**
**ਸਾਧ ਸੰਗਿ ਅੰਮ੍ਰਿਤ ਗੁਨ ਗਾਇਨ ॥**

**ਅਰਥ :-** ਸਾਧੂ ਦੇ ਸੰਗਿ ਕਰਕੇ ਸਾਰੇ ਪਾਪ ਪਲਾਇਨ-ਦੌੜ ਜਾਂਦੇ ਹਨ ਭਾਵ ਨਸ਼ਟ ਹੋ ਜਾਂਦੇ ਹਨ। ਸਾਧ ਦੇ ਸੰਗ ਕਰਕੇ ਜੀਵ ਅੰਮ੍ਰਿਤ ਰੂਪ ਸ਼ੁਭ ਗੁਣਾਂ ਨੂੰ ਗਾਉਂਦਾ ਹੈ।

**ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥**
**ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥੫॥**

**ਅਰਥ :-** ਸਾਧ ਦੇ ਸੰਗ ਕਰਕੇ ਇਸਦੀ ਸਾਰੀਆਂ ਥਾਵਾਂ ਵਿੱਚ ਗੰਮਿ - ਪਹੁੰਚ ਹੋ ਜਾਂਦੀ ਹੈ। ਗੁਰੂ ਜੀ ਕਹਿੰਦੇ ਹਨ ਕਿ ਸਾਧੂ ਦੇ ਸੰਗ ਕਰਕੇ ਇਸਦਾ ਮਨੁੱਖਾ ਜੀਵਨ ਸਫਲ ਹੋ ਜਾਂਦਾ ਹੈ।

(ਚਲਦਾ ....)

# ਸੋ ਦਰੁ ਰਹਿਰਾਸ ਸਾਹਿਬ

- ਸੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ।

## ਅਨੰਦੁ ਸਾਹਿਬ

ਰਾਮਕਲੀ ਮਹਲਾ ੩ ਅਨੰਦੁ

ੴ ਸਤਿਗੁਰ ਪ੍ਰਸਾਦਿ ॥

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥

***ਰਾਮਕਲੀ ਮਹਲਾ ੩ ਅਨੰਦੁ ੴ ਸਤਿਗੁਰ ਪ੍ਰਸਾਦਿ ॥***

**ਅਰਥ** - 'ਰਾਮਕਲੀ' ਰਾਗ ਦਾ ਨਾਮ ਹੈ। 'ਮਹਲਾ ੩' ਤੋਂ ਭਾਵ ਸ੍ਰੀ ਗੁਰੂ ਅਮਰਦਾਸ ਜੀ ਇਸ ਬਾਣੀ ਨੂੰ ਉਚਾਰਨ ਕਰਦੇ ਹਨ। 'ਅਨੰਦੁ' ਬਾਣੀ ਦਾ ਨਾਮ ਹੈ ਜੋ ਆਤਮਿਕ ਅਨੰਦ ਦਾ ਪ੍ਰਗਟਾਵਾ ਕਰਦੀ ਹੈ। ਅਕਾਲ ਪੁਰਖ ਦਾ ਸੰਖੇਪ ਮੰਗਲ ਕੀਤਾ ਹੈ ਕਿ 'ੴ' 'ਅਕਾਲ ਪੁਰਖ ਜੋ ਇਕ ਰਸ ਵਿਆਪਕ ਤੇ ਸਭ ਮੁੱਢ ਕੇਵਲ ਇੱਕ ਹੈ ਉਹ ਸੱਚੇ ਗੁਰੂ ਦੀ ਕ੍ਰਿਪਾ ਦੁਆਰਾ ਮਿਲਦਾ ਹੈ।

***ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥***

**ਪਦ ਅਰਥ** : **ਅਨੰਦੁ** - ਪੂਰਨ, ਖੇੜਾ-ਪ੍ਰਸੰਸਾ।

**ਅਰਥ** : ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ ਹਨ ਹੇ ਮੇਰੀ ਮਾਂ ! ਮੇਰੇ ਹਿਰਦੇ ਅੰਦਰ ਆਤਮਿਕ ਖੇੜਾ ਆ ਗਿਆ ਹੈ ਕਿਉਂ ਕਿ ਮੈਨੂੰ ਗੁਰੂ ਪ੍ਰਾਪਤ ਹੋਇਆ ਹੈ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਸਿ ॥

ਮੂੜ੍ਹ ਲੋਗ ਤਾਂ ਬੁੱਢੇ ਹੋ ਕੇ ਜਨਮ ਦਿਨ ਮਨਾਂਦੇ ਹਨ-ਮਰਨ ਦਿਨ ਚੇਤੇ ਨਹੀਂ ਰੱਖਦੇ। ਜਨਮ ਤਾਂ ਪਿੱਛੇ ਹੈ- ਜਨਮ ਨੂੰ ਚੇਤੇ ਨਹੀਂ ਕਰਨਾ ਬਲਕਿ ਜਿਸ ਦਾ ਜਨਮ ਹੋਇਆ ਹੋਵੇ-ਉਸ ਦੀ ਸੇਵਾ ਕਰਨੀ ਹੈ-ਕਿਉਂਕਿ ਜਿਸ ਦਾ ਅੱਜ ਜਨਮ ਹੋਇਆ ਹੈ, ਉਸ ਤਾਂ ਕਮਜ਼ੋਰ ਹੈ ਲਾਚਾਰ ਹੈ-ਦੂਜੇ ਤੇ ਨਿਰਭਰ ਹੈ। ਜੋ ਜਨਮ ਨੂੰ ਚੇਤੇ ਰੱਖਦਾ ਹੈ ਉਹ ਕਦੀ ਜੀਵਨ ਦੀ ਉੱਚਤਾ ਨੂੰ ਨਹੀਂ ਛੂਹ ਸਕੇਗਾ।

ਜੋ ਅੰਤ ਨੂੰ ਚੇਤੇ ਰੱਖਦਾ ਹੈ-ਉਹ ਬੇਅੰਤ ਵਿੱਚ ਲੀਨ ਹੋ ਜਾਂਦਾ ਹੈ ॥ ਬੇਅੰਤ ਤੱਕ ਪਹੁੰਚਣ ਲਈ ਸਾਨੂੰ ਆਪਣੇ ਅੰਤ ਤੋਂ ਲੰਘਣਾ ਪੈਂਦਾ ਹੈ ਮੌਤ ਸਰੀਰ ਦੇ ਇਸ ਚੋਲੇ ਨੂੰ ਪ੍ਰੀਵਰਤਨ ਕਰ ਦੇਂਦੀ ਹੈ।

ਮੌਤ ਜੀਵਨ ਦੀ ਤਬਦੀਲੀ ਹੈ ਅਗਰ ਜੀਂਵਦਿਆਂ-ਜੀ ਮੌਤ ਚੇਤੇ ਆ ਜਾਵੇ ਤਾਂ ਵੀ ਜੀਵਨ ਵਿੱਚ ਇੱਕ ਮਹਾਨ ਪ੍ਰੀਵਰਤਨ ਆਉਂਦਾ ਹੈ। ਅਗਰ ਮਰ ਗਿਆ ਸੀ ਤਾਂ ਫਿਰ ਫਿਰ ਇਹੀ ਜੀਵਨ ਮਿਲੇਗਾ ਜੋ ਹੁਣ ਹੈ ਪਰ ਜੀਵਦਿਆਂ-ਜੀ ਮੌਤ ਚੇਤੇ ਆ ਗਈ ਤਾਂ ਧਰਮ ਜੀਵਨ ਮਿਲਦਾ ਹੈ-ਜਿਸ ਵਿੱਚ ਮੌਤ ਨਹੀਂ ਜਿਸ ਦਾ ਅਨੰਤ ਨਹੀਂ ਉਥੇ ਤਾਂ ਬੇਅੰਤ-ਬੇਅੰਤ ਹੀ ਹੈ:

ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥

ਸੋ ਸਿਮਰਨ ਬੇਅੰਤ ਦਾ ਕਰਨਾ ਹੈ ਜੋ ਹਰ ਹਾਲਤ ਵਿੱਚ ਅੱਗੇ ਹੈ। ਅੱਗੇ ਦਾ ਚਿੰਤਨ ਜੀਵਨ ਨੂੰ ਅੱਗੇ ਲੈ ਜਾਂਦਾ ਹੈ।

ਸੇਵਾ ਉਸ ਦੀ ਕਰਨੀ ਹੈ- ਜੋ ਪਿਛੇ ਹੈ ਔਰ ਸੇਵਾ ਇਸ ਲਈ ਕਰਨੀ ਹੈ ਕਿ ਇਹ ਅੱਗੇ ਹੋ ਸਕੇ। ਸੇਵਾ ਸੰਸਾਰ ਦੀ ਕਰਨੀ ਹੈ ਤੇ ਸਿਮਰਨ ਨਿੰਰਕਾਰ ਦਾ ਕਰਨਾ ਹੈ। ਨਿਰੰਕਾਰ ਦੀ ਅਸੀਂ ਕੀ ਸੇਵਾ ਕਰ ਸਕਦੇ ਹਾਂ ਬਲਕਿ ਨਿੰਰਕਾਰ ਹੀ ਸਾਡੀ ਸੇਵਾ ਕਰ ਰਿਹਾ ਹੈ। ਸੇਵਾ ਮੋਹਤਾਜ (ਬੇ-ਆਸਰਾ) ਕਮਜ਼ੋਰ ਦੀ ਜੋ ਪਿਛੇ ਹੈ ਉਸ ਦੀ ਕਰੀਦੀ ਹੈ।

ਸੋ ਪ੍ਰਮਾਤਮਾ ਹਰ ਹਾਲਤ ਵਿੱਚ ਪਿੱਛੇ ਹੈ। ਪ੍ਰਮਾਤਮਾ ਸਾਡੀ ਸੇਵਾ ਕਰ ਰਿਹਾ ਹੈ- ਸੂਰਜ ਬਣ ਕੇ ਰੋਸ਼ਨੀ ਦੇ ਰਿਹਾ ਹੈ-ਬੱਦਲ ਬਣ ਕੇ ਜਲ ਬਖ਼ਸ਼ਿਸ ਕਰ ਰਿਹਾ ਹੈ-ਚੰਦਰਮਾ ਬਣ ਕੇ ਰਸ ਪ੍ਰਦਾਨ ਕਰ ਰਿਹਾ ਹੈ। ਧਰਤੀ ਅੰਨ ਧੰਨ ਦੇ ਰਹੀਂ ਹੈ। ਨਿਰੰਕਾਰ ਸਾਡੀ ਸੇਵਾ ਵਿੱਚ ਸਲੋਗਨ ਹੈ। ਅਸੀਂ ਉਸ ਦੀ ਕਿ ਸੇਵਾ ਕਰ ਸਕਦੇ ਹਾਂ-ਉਸ ਨੂੰ ਭੁੱਖ ਨਹੀਂ ਲਗਦੀ ਜੋ ਅਸੀਂ ਰੋਟੀ ਖਿਲਾਈਏ। ਉਸ ਨੂੰ ਬਸਤਰਾਂ ਦੀ ਲੋੜ ਨਹੀਂ। ਉਹ ਸਭ ਨੂੰ ਦੇਣ ਵਾਲਾ ਹੈ,ਅਸੀਂ ਇਸ ਨੂੰ ਕੀ ਸਕਦੇ ਹਾਂ ਤੇ ਉਸ ਦੀ ਕੀ ਸੇਵਾ ਕਰ ਸਕਦੇ ਹਾਂ?

ਸੋ ਸੇਵਾ ਉਸ ਦੀ ਕਰਨੀ ਹੈ ਜੋ ਗੁਣ, ਕਲਾ, ਧਰਮ, ਧਨ, ਜਾਤ-ਪਾਤ ਰੁਤਬੇ ਕਰ ਕੇ ਪਿੱਛੇ ਰਹਿ ਗਿਆ ਹੈ ਤਾਂ ਕਿ ਸੇਵਾ ਦੇ ਆਸਰੇ ਤੇ ਉਸ ਦੀਆਂ ਲੋੜਾਂ ਪੂਰੀਆਂ ਹੋਵਨ ਤੇ ਉਹ ਅੱਗੇ ਵੱਧੇ। ਦਰਅਸਲ ਸਿਮਰਨ ਤਾਂ ਉਹੀ ਕਰੇਗਾ ਜਿਸ ਦਾ ਆਪਣੇ ਆਪ ਵਿੱਚ ਸੰਤੋਖ ਹੈ। ਔਰ ਸੇਵਾ ਉਹੀ ਕਰੇਗਾ ਜਿਸ ਦੀ ਦੂਜਿਆਂ ਤੇ ਦਇਆ ਹੈ। ਪਰ ਸੱਚੀ ਦਇਆ ਵੀ ਉਸ ਕੋਲ ਹੈ, ਜੋ ਸਿਮਰਨ ਕਰ ਰਿਹਾ ਹੈ। ਸਿਮਰਨ ਤੋਂ ਬਿਨਾਂ ਹਿਰਦਾ ਸ਼ੁੱਧ ਨਹੀਂ ਹੁੰਦਾ ਤੇ

ਅਸ਼ੁੱਧ ਹਿਰਦੇ ਨਾਲ ਕੀਤੀ ਸੇਵਾ ਦਰਅਸਲ ਸੇਵਾ ਨਹੀਂ, ਵਿਉਪਾਰ ਹੈ :-

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥

ਕੁਛ ਸੇਵਾ ਕਰ ਕੇ ਤੇ ਜਿਸ ਦੀ ਸੇਵਾ ਕਰਨੀ ਹੈ ਉਸ ਤੋਂ ਕੁਛ ਪ੍ਰਾਪਤ ਕਰਨਾ ਹੈ ਤਾਂ ਇਹ ਵਿਉਪਾਰ ਹੋ ਗਿਆ । ਰਾਜਨੀਤਕ ਦੇਸ਼ ਦੀ ਸੇਵਾ ਕਰ ਕੇ ਫਿਰ ਸਿੰਘਾਸਨ ਚਾਹੁੰਦਾ ਹੈ । ਉਹ ਚਰਨਾਂ ਤੇ ਮੱਥਾ ਇਸ ਲਈ ਟੇਕਦਾ ਹੈ ਕਿ ਕੱਲ੍ਹ ਸਿਰ ਤੇ ਬੈਠ ਸਕੇ ਤੇ ਸਿਮਰਨ ਭਾਵ ਤੋਂ ਹੀਨੀ, ਸੇਵਾ ਵਿੱਚ ਸਵਾਰਥ ਸਿੱਧੀ ਹੈ । ਜਿਥੇ ਸੇਵਾ ਵਿੱਚ ਸਵਾਰਥ ਆ ਗਿਆ ਉਹ ਵਿਉਪਾਰ ਬਣ ਜਾਂਦੀ ਹੈ ।

ਸੋ ਸੇਵਾ ਉਸ ਦੀ ਕਰਨੀ ਹੈ ਜੋ ਸਾਡੇ ਪਿੱਛੇ ਖੜ੍ਹਾ ਹੈ ਤਾਂ ਕਿ ਅੱਗੇ ਵਧੇ-ਸਾਡੀ ਬਰਾਬਰੀ ਤੇ ਆਵੇ । ਰਾਜਨੀਤਕ ਨੂੰ ਤਾਂ ਹਮੇਸ਼ਾ ਉਸ ਤੋਂ ਡਰ ਰਹਿੰਦਾ ਹੈ ਜੋ ਓਸ ਦੇ ਪਿੱਛੇ ਖੜਾ ਹੈ-ਅਗਰ ਉਸ ਦੀ ਹੌਸਲਾ ਅਫ਼ਜਾਈ ਹੋਈ ਤਾਂ ਫਿਰ ਉਹ ਬਰਾਬਰ ਤੇ ਆ ਜਾਵੇਗਾ-ਰਾਜਨੀਤਕ ਇਹ ਬਰਦਾਸ਼ਤ ਨਹੀਂ ਕਰ ਸਕਦਾ ।

ਜਿੱਥੇ ਗੁਰੂ ਦੀ ਜਾਂ ਅਕਾਲ ਪੁਰਖ ਦੀ ਸੇਵਾ ਦੀ ਗੱਲ ਆਈ ਹੈ ਉਸ ਦਾ ਮਤਲਬ ਵੀ ਇਤਨਾ ਹੀ ਹੈ ਕਿ ਸਿਮਰਨ ਕਰਨਾ ਹੈ :-

ਸੰਤ ਕੀ ਸੇਵਾ ਨਾਮੁ ਧਿਆਈਐ ॥

ਜਾਂ

ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥

ਸੋ ਟਹਿਲ ਸੇਵਾ ਉਸ ਦੀ ਕਰਨੀ ਹੈ ਜੋ ਪਿੱਛੇ ਹੈ ਤੇ ਸਿਮਰਨ ਉਸ ਦਾ ਕਰਨਾ ਹੈ ਜਿਸ ਨੂੰ ਪਿੱਛੇ ਰੱਖਿਆ ਹੀ ਨਹੀਂ ਜਾ ਸਕਦਾ ਜੋ ਹਰ ਹਾਲਤ ਵਿੱਚ ਅੱਗੇ ਹੈ :

ਸੇਵਾ ਮੋਟੀ ਅਕਲ ਵਾਲਾ ਵੀ ਕਰ ਸਕਦਾ ਹੈ । ਜਗਤ ਅਸਥੂਲ ਹੈ । ਅਸਥੂਲ ਜਗਤ ਦੀ ਸੇਵਾ ਮੋਟੀ ਬੁੱਧ ਨਾਲ ਵੀ ਹੋ ਸਕਦੀ ਹੈ ਪਰ ਸਤਿਸੰਗ, ਕਥਾ, ਕਰਿਤਨ ਵੀਚਾਰ ਸੁਣਦਿਆਂ ਜਿਤਨੇ ਤੱਕ ਬੁੱਧ ਵਿਵੇਖ (ਬਾਰੀਕ) ਨਹੀਂ ਹੁੰਦੀ ਉਤਨੇ ਤੱਕ ਸਿਮਰਨ ਕਰਨਾ ਔਖਾ ਹੈ । ਅੱਠ ਘੰਟੇ ਸੇਵਾ ਕਰਨ ਵਾਲਾ ਅੱਠ ਘੰਟੇ ਸਿਮਰਨ ਕਰਨ ਵਿੱਚ ਔਖਿਆਈ ਮਹਿਸੂਸ ਕਰਦਾ ਹੈ- ਜਿਸ ਦਾ ਰੰਗ ਰੂਪ ਵਰਨ ਭੇਖ ਕੁਛ ਵੀ ਨ ਹੋਵੇ-ਉਸ ਨੂੰ ਸ਼ਬਦ ਜਾਪ ਦੁਆਰਾ ਯਾਦ ਕਰਨਾ ਔਖਾ ਹੈ :

ਆਖਣਿ ਅਉਖਾ ਸਾਚਾ ਨਾਉ ॥

ਸੋ ਸਿਮਰਨ ਕਰਦਿਆਂ ਗੁਰਬਾਣੀ ਵੀਚਾਰ ਨਾਲ ਜਿਤਨੇ ਤੱਕ ਬੁੱਧ ਬਾਰੀਕ ਨਹੀਂ ਹੁੰਦੀ ਉਤਨੇ ਤੱਕ ਤਾਂ ਸੇਵਾ ਵੀ ਸਵਾਰਥ ਹੋਵੇਗੀ । ਅਹੰਕਾਰ ਵਧੇਰਾ-ਸਿਮਰਨ ਕਰਦਿਆਂ ਜਦ ਮਤ ਬਾਰੀਕ ਹੁੰਦੀ ਹੈ ਤਾਂ ਸੇਵਾ ਵਿੱਚ ਇੱਕ ਅਦੁੱਤੀ ਨਿਖ਼ਾਰ ਆ ਜਾਂਦਾ ਹੈ ਜਾਂ ਇੰਝ ਆਖੀਏ ਕਿ ਉਹ ਸੇਵਾ ਵੀ ਸਿਮਰਨ ਦਾ ਹੀ ਰੂਪ ਹੋ ਜਾਂਦੀ ਹੈ ।

***

ਵੀ ਆਖਿਆ ਜਾਂਦਾ ਹੈ । ਭੱਟ ਜਾਲਪ ਜੀ ਗੋਇੰਦਵਾਲ ਸਾਹਿਬ ਨੂੰ 'ਗੋਬਿੰਦਪੁਰੀ' ਦੇ ਬਰਾਬਰ ਮੰਨਦੇ ਹੋਏ ਫੁਰਮਾਂਦੇ ਹਨ ਕਿ ਇਹ ਨਗਰੀ ਅਜਿਹੀ ਭਾਗਾਂ ਵਾਲੀ ਹੈ ਜਿੱਥੇ ਨਾਂ ਤਾਂ ਕਾਲ ਦਾ ਜ਼ੋਰ ਪੈਂਦਾ ਹੈ , ਨਾ ਇੱਥੇ ਕੋਈ ਦੁੱਖ ਸੰਤਾਪ, ਫਿਕਰ ਝੋਰਾ, ਭੁੱਖ, ਪਿਆਸ ਜਾਂ ਈਰਖਾ ਸਾੜਾ ਹੈ ਤੇ ਨਾ ਹੀ ਜਮਾਂ ਤੋਂ ਡਰ ਲਗਦਾ ਹੈ । ਗੁਰੂ ਅਮਰਦਾਸ ਸਾਹਿਬ ਦਾ ਇਥੇ ਸ਼ਬਦ ਰੂਪੀ ਨੇਜਾ ਗੱਡਿਆ ਹੋਇਆ ਹੈ ਤੇ ਹਰ ਪਾਸੇ ਨਾਮ ਦੀ ਮਹਿਮਾ ਪੈ ਰਹੀ ਹੈ ।

ਗੁਰੂ ਗ੍ਰੰਥ ਸਾਹਿਬ ਵਿੱਚ ਜਿਨ੍ਹਾਂ ੧੧ ਭੱਟਾਂ ਦੀ ਬਾਣੀ ਦਰਜ ਹੈ । ਉਨ੍ਹਾਂ ਵਿੱਚੋਂ ੬ ਭੱਟਾਂ ਨੇ ਗੁਰੂ ਅਮਰ ਦਾਸ ਜੀ ਦੀ ਉਪਮਾ ਵਿੱਚ ਬਹੁਤ ਹੀ ਸੋਹਣੇ ਸ਼ਬਦਾਂ ਵਿੱਚ ੨੨ ਸਵੱਈਏ ਰਚੇ ਆਖ਼ਿਰ ਵਿੱਚ ਇਹ ਹੀ ਕਹਿ ਕੇ ਆਪਣੀ ਅਸਮਰੱਥਾ ਪ੍ਰਗਟ ਕੀਤੀ ਕਿ ਗੁਰੂ ਅਮਰ ਦਾਸ ਜੀ ਦੇ ਗੁਣਾਂ ਦਾ ਪੂਰਾ ਵਰਣਨ ਮਨੁੱਖ ਮਾਤਰ ਦੇ ਵੱਸ ਦੀ ਗੱਲ ਨਹੀਂ । ਉਨ੍ਹਾਂ ਦੀ ਉਪਮਾ ਤਾਂ ਉਹ ਆਪ ਹੀ ਹਨ ਤੇ ਉਨਾਂ ਦਾ ਸਾਨੀ ਕੋਈ ਨਹੀਂ । ਭੱਟਾਂ ਅਨੁਸਾਰ ਵਾਹਿਗੁਰੂ ਨਿਰੰਕਾਰ ਖੁਦ ਸਰਗੁਣ ਸਰੂਪ ਵਿੱਚ ਗੁਰੂ ਅਮਰਦਾਸ ਜੀ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਪਧਾਰੇ ਹਨ । ਉਨ੍ਹਾਂ ਅਕਾਲ ਉਸਤਤ ਵਿੱਚ ਲਾਈ ਹੋਈ ਸਮਾਧੀ ਦਾ ਸੰਜੋਆ ਓੜ੍ਹਿਆ ਹੋਇਆ ਹੈ, ਸੁੱਚੇ ਮੋਤੀਆਂ ਰੂਪੀ ਸ਼ਬਦਾਂ ਦੀ ਖਜ਼ਾਨਾ ਵੰਡੀ ਜਾ ਰਹੇ ਹਨ ਅਤੇ ਉਨ੍ਹਾਂ ਦੇ ਜੀਵਨ ਦੇ ਇਕ - ਇਕ ਪਲ ਤੋਂ ਹਰ ਕੋਈ ਲਾਭ ਪ੍ਰਾਪਤ ਕਰਕੇ ਅਨੰਦ ਵਿੱਚ ਵਿਚਰ ਰਿਹਾ ਹੈ । ਭੱਟਾਂ ਵਾਂਗ ਹੀ ਸੱਤੇ ਤੇ ਬਲਵੰਡ ਨੇ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਮ ਕਲੀ ਦੀ ਵਾਰ ਵਿੱਚ ਗੁਰੂ ਅਮਰਦਾਸ ਨੂੰ ਗੁਰੂ ਨਾਨਕ ਦੇਵ ਜੀ ਦੀ ਮਹਾਨ ਜੋਤ ਦਾ ਵਾਰਸ ਦੱਸਦਿਆਂ ਲਿਖਿਆ ਹੈ :

'ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥<br>
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥

ਉਸੇ ਵਾਰ ਦੇ ਆਖਿਰ ਵਿੱਚ ਸੱਤਾ ਜੀ ਵੀ ਇਨ੍ਹਾਂ ਦੀ ਉਪਜਾ ਵਿੱਚ ਫੁਰਮਾਉਂਦੇ ਹਨ :

ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ ॥

ਅਜਿਹੀ ਮਹਾਨ ਹਸਤੀ ਨੂੰ ਕੋਈ ਸ਼ਬਦਾਂ ਨਾਲ ਸਲਾਹੁਣਾ ਵੀ ਚਾਹੇ ਤਾਂ ਸਲਾਹ ਸਕਦਾ ਹੈ । ਜਦ ਕਿ ਉਸ ਮਹਾਨ ਗੁਰੂ ਦੀ ਅਜ਼ਮਤ ਤੋਂ ਉਤੇ ਹੋਰ ਕੋਈ ਹੈ ਹੀ ਨਹੀਂ । 'ਏਕ ਪਿਤਾ ਏਕਸ ਕੇ ਹਮ ਬਾਰਿਕ ' ਦੀ ਭਾਵਨਾ ਨੂੰ ਸਾਖਿਆਤ ਕਰਨ ਦੇ ਇਹ ਪੂਰੇ ਪੱਕੇ ਮਨਸੂਬੇ ਅਕਬਰ ਬਾਦਸ਼ਾਹ ਨੂੰ ਟੁੰਬੇ ਬਿਨਾਂ ਨਾ ਰਹਿ ਸਕੇ । ਇਨ੍ਹਾਂ ਉਕਤ ਵਿਚਾਰਾਂ ਨੂੰ ਦੂਰ-ਦੂਰ ਤੱਕ ਫੈਲਾਉਣ ਲਈ ੨੨ ਇਲਾਕਿਆਂ ਵਿੱਚ ਗੁਰੂ ਸਾਹਿਬ ਨੇ ੨੨ ਮਸੰਦ ਭੇਜੇ ਜਿਨ੍ਹਾਂ ਵਿੱਚ ਹਿੰਦੂ, ਸਿੱਖ,ਉੱਚੀਆਂ ਤੇ ਨੀਵੀਆਂ ਜਾਤਾਂ ਵਾਲੇ ਗੁਰੂ ਘਰ ਦੇ ਸ਼ਰਧਾਲੂ ਤੇ ਇਸਤਰੀਆਂ ਵੀ ਸ਼ਾਮਿਲ ਸਨ । ਇਸ ਤਰ੍ਹਾਂ ਭਗਤੀ, ਸੇਵਾ ਤੇ ਸੱਚ ਦੀ ਖਾਣ ਅਖਵਾਉਂਦੇ ਗੁਰੂ ਅਮਰਦਾਸ ਜੀ ਨੇ ਆਮ ਲੁਕਾਈ ਵਿੱਚ ਉਸੇ ਦੀ ਭਾਸ਼ਾ ਵਿੱਚ ਭਗਤੀ ਸੁਦਰਿੜ੍ਹ ਕਰਵਾਉਣ ਦਾ ਇੱਕ ਵਿਸ਼ਾਲ ਪ੍ਰੋਗਰਾਮ ਆਰੰਭਿਆ ਜਿਸ ਨਾਲ ਨਵੀਂ ਚੇਤਨਾ, ਨਵਾਂ ਉਤਸ਼ਾਹ, ਨਵਾਂ ਵਿਸ਼ਵਾਸ਼ ਤੇ ਨਵਾਂ ਨਰੋਆ ਤੇ ਉਸਾਰੂ ਸੱਭਿਆਚਾਰ ਹੋਂਦ ਵਿੱਚ ਆਉਣਾ ਪ੍ਰਤੱਖ ਦਿਸਣ ਲੱਗ ਪਿਆ । ਇਸ ਤਰ੍ਹਾਂ ਸਤਿਗੁਰਾਂ ਦੀ ਅਗਵਾਈ ਸਖਾਵਤ, ਮਿਹਰ, ਬਖਸ਼ਿਸ਼ ਤੇ ਉਪਦੇਸ਼ ਬੜਾ ਵਧੀਆ ਰੰਗ ਲਿਆਏ ਤੇ ਮੁਹੱਬਤਾਂ ਅਤੇ ਖਿਦਮਤਾਂ ਨੇ ਇਨਸਾਨੀ ਬਰਾਦਰੀ ਵਿੱਚ ਵਿਸ਼ੇਸ਼ ਥਾਂ ਮਲ ਲਈ ।

ਗੁਰੂ ਜੀ ਨੇ ਸ਼ਬਦ ਗੁਰੂ ਦੀ ਸਿਰਜਨਾ ਦੇ ਇਲਾਹੀ ਕਾਰਜ ਵਿੱਚ ਆਪਣਾ ਯੋਗਦਾਨ ਪਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਨੂੰ ਸੰਭਾਲਿਆ ਅਤੇ ਆਪ ਵੀ ਕਾਫੀ ਬਾਣੀ ਰਚੀ ਜਿਹੜੀ ਕੁਲ ਮਿਲਾ ਕੇ ੯੦੭ ਸ਼ਬਦ ਬਣਦੀ ਹੈ ਤੇ ੧੮ ਰਾਗਾਂ ਵਿੱਚ ਹੈ। ਬਜ਼ੁਰਗ ਅਵਸਥਾ ਵਿੱਚ ਗੁਰੂ ਗੱਦੀ ਗ੍ਰਹਿਣ ਕਰਨ ਉਪਰੰਤ ਵੀ ਸਾਢੇ ਬਾਈ ਸਾਲ ਉਹ ਪੂਰੀ ਮਿਹਨਤ ਤੇ ਅਣਥੱਕ ਲਗਨ ਨਾਲ ਕੌਮੀ ਨਿਰਮਾਣ ਦੇ ਬਹੁਪੱਖੀ ਕਾਰਜਾਂ ਜੁਟੇ ਰਹੇ। ਉਨ੍ਹਾਂ ਦੀ ਬਾਣੀ 'ਅਨੰਦ ਸਾਹਿਬ' ਚੜ੍ਹਦੀ ਕਲਾ, ਅਗੰਮੀ ਖੇੜੇ, ਸਦੀਵੀ ਜਵਾਨੀ ਦੀ ਅਵਸਥਾ ਦਾ ਬੇਨਜ਼ੀਰ ਵਰਣਨ ਹੈ ਤੇ ਬਹੁਤ ਹੀ ਸਰਲ ਭਾਸ਼ਾ ਵਿੱਚ ਹੈ। ਉਨ੍ਹਾਂ ਅਨੁਸਾਰ :-

'ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨ
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ''

ਕਹਿੰਦੇ ਹਨ, ਗੁਰੂ ਜੀ ਦੇ ਪੜਪੋਤੇ ਸੁੰਦਰ ਜੀ ਨੇ ਉਨ੍ਹਾਂ ਦੀ ਜੋਤੀ ਜੋਤ ਸਮਾਉਣ ਨਾਲ ਸੰਬੰਧਤ ਜਿਹੜੀ 'ਸੱਦ' ਲਿਖੀ ਹੈ ਉਸ ਅਨੁਸਾਰ ਮਰਨ ਦੇ ਦੁਖਦਾਈ ਅਵਸਰ ਤੇ ਵੀ ਗੁਰੂ ਅਮਰਦਾਸ ਜੀ ਦਾ ਉਪਦੇਸ਼ ਇਹੀ ਹੈ ਕਿ 'ਮਰਨਾ ਸਭ ਨੇ ਹੈ, ਚੰਗੇ ਕਰਮ ਕਰਕੇ ਮਰਨ ਵਾਲਾ ਇੱਜਤ ਨਾਲ ਆਪਣੇ ਪਿਤਾ ਦੇ ਘਰ ਜਾਂਦਾ ਹੈ। ਮਰਨਾ ਅਕਾਲ ਪੁਰਖ ਦੇ ਭਾਣੇ ਵਿੱਚ ਹੈ ਇਸ ਲਈ ਅਵਸਰ ਤੇ ਰੋਣਾ ਵਿਅਰਥ ਹੈ। ਫਜ਼ੂਲ ਹੈ ਤੇ ਇਹ ਰੱਬ ਨੂੰ ਨਹੀਂ ਭਾਵੰਦਾ, ਸਗੋਂ ਇਸ ਮੌਕੇ ਤੇ ਤਾਂ ਨਿਰਬਾਣ ਕੀਰਤਨ ਹੀ ਸ਼ੋਭਦਾ ਹੈ, ਜੋ ਵਿਛੜੀ ਆਤਮਾ ਨੂੰ ਸੁੱਖ ਦਿੱਦਾ ਹੈ ਤੇ ਉਸ ਦੀ ਮੁਕਤੀ ਦਾ ਸਾਧਨ ਬਣਦਾ ਹੈ। ਮੌਤ ਵਰਗੀ ਮਾਯੂਸਕੁੰਨ ਘਟਨਾ ਤੇ ਇਸ ਤਰਾਂ ਦਾ ਜਾਬਤਾ ਧਾਰਨ ਕਰਨਾ ਇਨਸਾਨੀ ਜੀਵਨ ਵਿੱਚ ਇੱਕ ਨਵੀਂ ਸੋਚ, ਇੱਕ ਨਵੀਂ ਪਰਾਪਤੀ ਸੀ ਜਿਹੜੀ ਗੁਰੂ ਸਾਹਿਬ ਨੇ ਆਪਣੇ ਜੋਤੀ-ਜੋਤ ਸਮਾਉਣ ਤੋਂ ਆਪਣੇ ਸੇਵਕਾ ਤੇ ਥਾਪੀ। ਉਨ੍ਹਾਂ ਦਾ ਹੁਕਮ ਹੈ :-

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥

ਅਤੇ

'ਅੰਤੇ ਸਤਿਗੁਰੂ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ'

ਗੁਰੂ ਅਮਰਦਾਸ ਜੀ ਦਾ ਜੀਵਨ ਤਜਰਬਾ ਬਹੁਤ ਵਿਸ਼ਾਲ ਸੀ। ਉਨ੍ਹਾਂ ਨੇ ਬਹੁਤ ਹੀ ਸਰਲ ਭਾਸ਼ਾ ਵਿੱਚ ਆਪਣੇ ਉਚੇ-ਸੁੱਚੇ ਵਿਚਾਰ ਬਾਣੀ ਰੂਪ ਵਿੱਚ ਪ੍ਰਗਟ ਕਰਕੇ ਲੋਕਾਂ ਦੇ ਜੀਵਨ ਨੂੰ ਟੁੰਬਿਆ।

(" ਗੁਰਬਾਣੀ ਦੇ ਰਚਿਤਾ" ਵਿੱਚੋਂ )

***

ਮਿਲਦੀਆਂ ਹਨ ਤੇ ਜ਼ਿੰਦਗੀ ਦੇ ਭਰਪੂਰ ਤਜ਼ਰਬਿਆਂ ਦੇ ਵੀ ਦਰਸ਼ਨ ਹੁੰਦੇ ਜਿਵੇਂ :

੧. ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥

੨. ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥

੩. ਨਾਨਕ ਪਰਖੇ ਆਪ ਕਉ ਤਾਂ ਪਾਰਖੁ ਜਾਣੁ ॥
ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥

੪. ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ ॥

੫. ਬਧਾ ਚਟੀ ਜੋ ਭਰੇ ਨਾ ਗੁਣ ਨਾ ਉਪਕਾਰੁ ॥

ਗੁਰੂ ਨਾਨਕ ਮਿਸ਼ਨ ਦਾ ਢੰਡੋਰਾ ਦੇਂਦੇ ਹੋਏ ਆਪਣੇ ਸਕੇ ਪੁੱਤਰਾਂ ਨੂੰ ਛੱਡ ਕੇ ਸੇਵਾ ਦਾ ਪ੍ਰਤੀਕ ਆਪਣੇ ਸੇਵਕ ਅਮਰਦਾਸ ਜੀ ਨੂੰ ਤੀਜੇ ਗੁਰੂ ਨਾਨਕ ਦੇ ਰੂਪ ਵਿੱਚ ਥਾਪ ਕੇ ੨੯-੩-੧੫੫੨ ਨੂੰ ਖਡੂਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਭਾਈ ਗੁਰਦਾਸ ਜੀ ਨੇ ਆਪਣੀ ੨੪ਵੀ ਵਾਰ ਦੀ ਸੱਤਵੀਂ ਪਉੜੀ ਵਿੱਚ ਗੁਰੂ ਅੰਗਦ ਦੇਵ ਜੀ ਦੀਆਂ ਇਲਾਹੀ ਸਿਫਤਾਂ ਦਾ ਜਿਕਰ ਕਰਨ ਪਿਛੋਂ ਨਤੀਜਾ ਇਹ ਕੱਢਿਆ ਹੈ ਕਿ ਗੁਰੂ ਅੰਗਦ ਦੇਵ ਜੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਜੀ ਦੇ ਚੰਗੇ ਸਪੁੱਤਰ ਸਾਬਤ ਹੋਏ ਹਨ ਤੇ 'ਪੁਤ ਸਪੁਤ ਬਬਾਣੇ ਲਹਿਣਾ' ਕਹਿ ਕੇ ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ ਵਡਿਆਇਆ ਤੇ ਸਨਮਾਇਆ ਹੈ। ਭੱਟ ਕਲਸਹਾਰ ਇਨ੍ਹਾਂ ਦੀ ਅਗੰਮੀ ਹਸਤੀ ਦੀ ਉਪਮਾ ਵਿੱਚ ਲਿਖੇ ੧੦ ਸੱਵਈਆ ਵਿੱਚ ਵੱਖ-ਵੱਖ ਢੰਗਾਂ ਨਾਲ ਆਪਣੀ ਪਾਤਸ਼ਾਹ ਵਿੱਚ ਰੱਬੀ ਸ਼ਕਤੀ ਕਰਦੇ ਹੋਏ ਕਹਿੰਦੇ ਹਨ ਕਿ 'ਗੁਰੂ ਅੰਗਦ ਦੇਵ ਪਾਤਸ਼ਾਹ ਵਿੱਚ ਰੱਬੀ ਸ਼ਕਤੀ ਦਾ ਪ੍ਰਵਾਹ ਚਲ ਰਿਹਾ ਹੈ। ਉਨ੍ਹਾਂ ਦੇ ਨੇਤਰਾਂ ਦੀ ਅੰਮ੍ਰਿਤ ਰੂਪੀ ਨਦੀ ਪਾਪਾਂ ਨੂੰ ਧੋ ਸੁੱਟਦੀ ਹੈ ਅਤੇ ਇਨ੍ਹਾਂ ਦੇ ਨਿਰਮਲ ਦਰਸ਼ਨ ਬੇਸਮਝੀ ਦਾ ਹਨੇਰਾ ਦੂਰ ਕਰ ਦੇਂਦੇ ਹਨ।

ਭਾਈ ਬਲਵੰਡ ਜੀ ਵੀ ਗੁਰੂ ਅੰਗਦ ਸਾਹਿਬ ਪ੍ਰਤੀ ਆਪਣੇ ਅਨੁਭਵ ਪ੍ਰਗਟ ਕਰਦਿਆਂ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੬੬ ਤੇ ਉਨ੍ਹਾਂ ਦੀ ਹਸਤੀ ਦੇ ਈਸ਼ਵਰੀ ਪ੍ਰਭਾਵ ਦਾ ਅਨੰਦਮਈ ਜ਼ਿਕਰ ਕਰਦੇ ਕਹਿੰਦੇ ਹਨ ਕਿ 'ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਨਾਲ ਜਨਮ ਜਨਮਾਂਤਰਾਂ ਦੀ ਮੈਲ ਲਹਿ ਜਾਂਦੀ ਹੈ ਤੇ ਮਨੁੱਖ ਨਿਰਮਲ ਹੋ ਜਾਂਦਾ ਹੈ।

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥

ਅਜਿਹੇ ਹਨ ਗੁਰੂ ਅੰਗਦ ਦੇਵ ਜੀ ਮਹਾਰਾਜ ਜਿਨਾਂ ਤੋਂ ਹਰ ਕੋਈ ਵਾਰੇ ਤੇ ਬਲਿਹਾਰੇ ਜਾਂਦਾ ਹੈ ਅਤੇ ਉਨ੍ਹਾਂ ਦੇ ਭੋਲੇ-ਭਾਲੇ ਸ਼ੀਤਲ ਸੁਭਾਅ, ਸੰਤ ਸੇਵੀ, ਸੁੰਦਰ ਸਰੂਪ ਤੇ ਉਦਾਰ -ਚਿਤਤਾ ਵਾਲੇ ਨਿਰਮਲ ਵਿਹਾਰ ਦੇ ਸੋਹਲੇ ਗਾਉਂਦਾ ਨਹੀਂ ਥੱਕਦਾ।

(" ਗੁਰਬਾਣੀ ਦੇ ਰਚਿਤਾ" ਵਿੱਚੋਂ )

***

## "ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ "
## ( ਨਿਮਾਣਿਆਂ ਦੇ ਮਾਣ-ਸ੍ਰੀ ਗੁਰੂ ਅਮਰ ਦਾਸ ਜੀ )

ਗੁਰੂ ਨਾਨਕ ਦੇਵ ਜੀ ਦੀ ਪ੍ਰਭੂ ਅਰਾਧਨਾ ਵਿੱਚ ਭਿੱਜੀ ਬਾਣੀ ਦੇ ਕੁਝ ਸ਼ਬਦ ਕਣ ਜਦ ਖੁਦਾ ਪਰਸੱਤ, ਸਾਫਗੋ ਤੇ ਨਿਰਮਲ ਹਿਰਦੇ ਵਾਲੇ ਬਜ਼ੁਰਗ ਪੁਰਸ਼ ਬਾਬਾ ਅਮਰ ਦਾਸ ਜੀ ਦੇ ਕੰਨਾਂ ਵਿੱਚ ਪਏ ਤਾਂ ਉਹ ਗੁਰੂ ਨਾਨਕ ਦਰਬਾਰ ਦੇ ਦਰਸ਼ਨਾਂ ਲਈ ਬਿਹਬਲ ਹੋ ਉੱਠੇ। ਆਪਣੇ ਭਤੀਜੇ ਦੀ ਸੁਪਤਨੀ ਬੀਬੀ ਅਮਰੋ ਜਿਹੜੀ ਕਿ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਹੋਏ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ , ਨੂੰ ਨਾਲ ਲੈ ਕੇ ਗੁਰੂ ਚਰਨਾਂ ਵਿੱਚ ਖਡੂਰ ਸਾਹਿਬ ਪਧਾਰੇ। ਰੱਬੀ ਨੂਰ ਗੁਰੂ ਦੇ ਦਰਸ਼ਨ ਕਰਕੇ ਮਨ ਸ਼ਾਤ ਤੇ ਆਤਮਾ ਸਵੱਛ ਹੋ ਗਈ। ਗੁਰੂ ਦੇ ਪਰਤਾਪ ਤੋਂ ਇਤਨੇ ਮੁਤਾਸਰ ਹੋਏ ਕਿ ਆਪਣੀ ਵੈਸ਼ਨਵ ਧਾਰਨਾ ਨੂੰ ਤਿਆਗ ਕੇ ਗੁਰੂ ਘਰ ਵਿਖੇ ਹੀ ਸੇਵਾ ਵਿੱਚ ਲੀਨ ਹੋ ਗਏ। ੧੨ ਸਾਲ ਗੁਰੂ ਜੀ ਦੀ ਤਨੋਂ-ਮਨੋਂ ਸੇਵਾ ਕਰਕੇ ਆਪਣੀ ਸ਼ਖਸੀਅਤ ਬਿਹਤਰੀਨ ਗੁਣਾਂ ਨਾਲ ਮਾਲਾ-ਮਾਲ ਕਰ ਲਈ ਅਤੇ ਗੁਰੂ ਦੀ ਮਿਹਰ ਪ੍ਰਾਪਤ ਕਰਕੇ ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੇ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਿਕ ਗੱਦੀ ਦੇ ਵਾਰਸ ਹੋ ਕੇ ੨੯-੩-੧੫੫੨ ਨੂੰ ਤੀਜੇ ਗੁਰੂ ਦੇ ਰੂਪ ਵਿੱਚ ਗੁਰੂ ਅਮਰਦਾਸ ਬਣੇ। ਆਪਣੇ ਗੁਰੂ ਦੀ ਨਿਸ਼ਕਾਮ ਸੇਵਾ ਕਾਲ ਦੌਰਾਨ ਲੋਕਾਂ ਦੇ ਤਾਹਨੇ ਮਿਹਣੇ ਸੁਣੇ, ਉਚੀਆਂ-ਨੀਵੀਆਂ ਗੱਲਾਂ ਝੱਲੀਆਂ, ਬੋਲ-ਕਬੋਲ ਬਰਦਾਸ਼ਤ ਕੀਤੇ ਪਰ ਸੇਵਾ ਦਾ ਨਿਸ਼ਾਨਾ ਕਾਇਮ ਰੱਖਿਆ। ਆਖਿਰ ਜਦ ਗੁਰਗੱਦੀ ਤੇ ਸੁਸ਼ੋਭਿਤ ਹੋਣ ਲੱਗੇ ਤਾਂ ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਪ੍ਰਤੀ ਅਜਿਹੀ ਉਚੀ ਸ਼ਾਨ ਵਾਲੇ ਸ਼ਬਦ ਕਹੇ ਜਿਨ੍ਹਾਂ ਦੀ ਬਦੌਲਤ ਅੱਜ ਉਹ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ ਵਾਲੇ ਗੁਰੂ ਕਰਕੇ ਜਾਣੇ ਜਾਂਦੇ ਹਨ।

੫-੫-੧੪੭੯ ਨੂੰ ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਬਾਸਰਕੇ ਵਿਖੇ ਪਿਤਾ ਤੇਜ ਭਾਨ ਜੀ ਦੇ ਘਰ ਅਤੇ ਮਾਤਾ ਸੁਲੱਖਣੀ ਦੀ ਕੁੱਖੋਂ ਇਸ ਪਵਿੱਤਰ ਜੋਤ ਦਾ ਸੰਸਾਰ ਆਗਮਨ ਹੋਇਆ। ਬਚਪਨ ਤੋਂ ਹੀ ਤੀਰਥਾਂ ਦੀ ਯਾਤਰਾ ਦਾ ਸ਼ੌਕ ਸੀ। ਇਸ ਕਰਕੇ ਧਾਰਮਿਕ ਲਗਨ ਉਮਰ ਵਧਣ ਨਾਲ ਵਧਦੀ ਹੀ ਗਈ। ੨੦ ਵਾਰ ਤੀਰਥ ਭ੍ਰਮਣ ਕੀਤਾ। ੨੪ ਸਾਲ ਦੀ ਉਮਰ ਵਿੱਚ ਬੀਬੀ ਰਾਮੋ ਜੀ ਨਾਲ ਗ੍ਰਹਿਸਤੀ ਜੀਵਨ ਦੀ ਗੰਢ ਬੱਝੀ ਤੇ ਮੋਹਨ ਜੀ, ਮੋਹਰੀ ਜੀ, ਸਪੁੱਤਰ ਅਤੇ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਸਪੁੱਤਰੀਆਂ ਜਨਮੀਆਂ। ਮਗਰੋਂ ਬੀਬੀ ਬੀਬੀ ਭਾਨੀ ਜੀ ਦੀ ਸ਼ਾਦੀ ਇੱਕ ਅਤਿ ਹੀ ਸੂਖਮ ਹਿਰਦੇ ਵਾਲੇ ਨੌਜਵਾਨ ਰਾਮ ਦਾਸ ਨਾਲ ਕੀਤੀ ਜਿਨ੍ਹਾਂ ਨੂੰ ਗੁਰਗੱਦੀ ਬਖ਼ਸ਼ ਕੇ ਗੁਰੂ ਨਾਨਕ ਦੀ ਪਵਿੱਤਰ ਗੱਦੀ ਦਾ ਚੌਥਾ ਸਿਰਤਾਜ ਬਣਾਇਆ। ਗੁਰੂ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ੨੯-੩-੧੫੫੨ ਨੂੰ ਗੁਰਿਆਈ ਬਖ਼ਸ਼ੀ ਅਤੇ ੨੨ ਸਾਲ ਆਪ ਵਾਹਿਗੁਰੂ ਦੀ ਅਰਾਧਨਾ ਵਿੱਚ ਆਪਣੀਆਂ ਸਿੱਖ ਸੰਗਤਾਂ ਨੂੰ ਲਗਾਉਂਦੇ ਹੋਏ ੯੫ ਸਾਲ ਦੀ ਆਯੂ ਵਿੱਚ ਗੋਇੰਦਵਾਲ ਸਾਹਿਬ ਵਿਖੇ ੧-੯-੧੫੭੪ ਨੂੰ ਜੋਤੀ ਜੋਤ ਸਮਾਏ। ਇਸ ਸ਼ਹਿਰ ਨੂੰ ਉਨ੍ਹਾਂ ਨੇ ਖੁਦ ਆਬਾਦ ਕੀਤਾ ਅਤੇ ਇਹ ਸਿੱਖ ਕੌਮ ਦਾ ਪਹਿਲਾ ਧਾਰਮਿਕ ਇਤਿਹਾਸਿਕ ਤੇ ਸਮਾਜਿਕ ਕੇਂਦਰ ਬਣਿਆ ਜਿਸ ਨੂੰ 'ਸਿੱਖੀ ਦਾ ਧੁਰਾ'

## "ਬਾਬਾਣੈ ਘਰ ਚਾਨਣ ਲਹਿਣਾ"
## ਸੇਵਾ ਦੇ ਪਰਤੀਕ-ਗੁਰੂ ਅੰਗਦ ਦੇਵ ਜੀ

ਸਿੱਖੀ ਦਾ ਮਾਰਗ ਨਿਸ਼ਕਾਮ ਸੇਵਾ ਤੇਂ ਸਵਾਸ ਸਵਾਸ ਨਾਮ ਸਿਮਰਨ ਦਾ ਮਾਰਗ ਹੈ। ਸੇਵਾ ਦੇ ਮਾਧਿਅਮ ਨਾਲ ਦੂਜੇ, ਤੀਜੇ ਤੇ ਚੌਥੇ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਿਕ ਗੱਦੀ ਪ੍ਰਾਪਤ ਕੀਤੀ । ਸਭ ਤੋਂ ਪਹਿਲੇ ਬੇਲਾਗ ਸੇਵਾ ਦੀ ਮਿਸਾਲ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਕਈ ਵਰ੍ਹੇ ਦਿਲ ਜਾਨ ਤੋਂ ਸੇਵਾ ਕਰਕੇ ਕਾਇਮ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਜਦ ਚਿੱਕੜ ਨਾਲ ਭਰੀਆਂ ਚਾਰੇ ਦੀਆਂ ਤਿੰਨ ਪੰਡਾਂ ਚੱਕਵਾ ਦਿੱਤੀਆਂ ਤਾਂ ਉਨ੍ਹਾਂ ਦੇ ਨਵੇਂ ਕੱਪੜੇ ਲਿੱਬੜ ਗਏ ਜਿਸ ਬਾਰੇ ਗੁਰੂ ਨਾਨਕ ਦੇਵ ਜੀ ਦੀ ਸੁਪਤਨੀ ਬੀਬੀ ਸੁਲੱਖਣੀ ਜੀ ਨੇ ਗਿਲਾ ਕਰਦਿਆਂ ਗੁਰੂ ਸਾਹਿਬ ਨੂੰ ਕਿਹਾ ਕਿ ਚਿੱਕੜ ਨਾਲ ਲਿੱਬੜੀਆਂ ਪੰਡਾਂ ਚੁੱਕਣ ਨਾਲ ਲਹਿਣੇ ਦੇ ਕਪੱੜੇ ਖਰਾਬ ਹੋ ਗਏ ਹਨ, ਤਦ ਗੁਰੂ ਜੀ ਨੇ ਫ਼ਰਮਾਇਆ ਕਿ ਇਹ ਚਿੱਕੜ ਨਹੀਂ ਅਰਸ਼ਾਂ ਤੋਂ ਛਿੜਕਿਆਂ ਕੇਸਰ ਹੈ ਜੋ ਲਹਿਣੇ ਨੂੰ ਹੀ ਨਸੀਬ ਹੋਇਆ ਹੈ। ਜਦ ਮਾਤਾ ਜੀ ਨੇ ਇਕੋ ਵਾਰ ਤਿੰਨੋਂ ਪੰਡਾਂ ਦਾ ਭਾਰ ਲਹਿਣਾ ਜੀ ਦੇ ਸਿਰ ਤੇ ਲੱਦਣ ਦਾ ਫਿਰ ਗਿਲਾ ਕੀਤਾ ਤਾਂ ਅੱਗੋਂ ਫ਼ਰਮਾਇਆ ਜਿਨ੍ਹਾਂ ਮੋਢਿਆਂ ਨੇ ਮਾਨਵਤਾ ਦੇ ਕਲਿਆਣ ਦਾ ਬਹੁਵਜ਼ਨੀ ਭਾਰ ਚੁੱਕਣਾ ਹੋਵੇ ਉਨ੍ਹਾਂ ਨੂੰ ਇਵੇਂ ਹੀ ਸਿਖਾਇਆ ਜਾ ਸਕਦਾ ਹੈ। ਇਹ ਸਵਾਮੀ ਦੀਆਂ ਸੇਵਕ ਦੀ ਅਗਾਮੀ ਚੜ੍ਹਤ ਬਾਰੇ ਰਮਜ਼ਾਂ ਸਨ ਜਿਨ੍ਹਾਂ ਦੇ ਅਰਥ ਤੇ ਭੇਦ ਸਮਾਂ ਪਾ ਕੇ ਪ੍ਰਗਟ ਰੂਪ ਵਿੱਚ ਖੁੱਲੇ।'

ਇਹ ਵੀ ਕਹਿੰਦੇ ਹਨ ਜਦ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਦਿੱਤੀ ਤਾਂ ਦੂਰ ਨੇੜਿਓ ਲੋਕੀ ਭਾਈ ਲਹਿਣਾ ਜੀ (ਜਿਹੜੇ ਹੁਣ ਗੁਰੂ ਨਾਨਕ ਦੇ ਅੰਗ ਲੱਗ ਕੇ ਗੁਰੂ ਅੰਗਦ ਦੇਵ ਜੀ ਬਣ ਗਏ ਸਨ) ਨੂੰ ਵੇਖਣ ਆਉਂਦੇ ਤਾਂ ਕਿ ਉਹ ਉਸ ਮਹਾਂਪੁਰਸ਼ ਦੇ ਦਰਸ਼ਨ ਕਰ ਸਕਣ ਜਿਨ੍ਹਾਂ ਅੱਗੇ ਉਹ ਗੁਰੂ ਨਾਨਕ ਦੇਵ ਜੀ ਨਿਵੇਂ ਹਨ ਜਿਨ੍ਹਾਂ ਨੇ ਸਾਰੀ ਉਮਰ ਦੁਨੀਆਂ ਦੇ ਵੱਡੇ-ਵੱਡੇ ਅਭਿਮਾਨੀਆਂ, ਰਾਜਿਆਂ, ਰਾਣਿਆਂ ਨੂੰ ਨਿਵਾਇਆ ਹੈ। ਸਿਰਫ ਸੇਵਾ ਦੀ ਕਰਾਮਾਤ ਨਾਲ ਹੀ ਭਾਈ ਲਹਿਣਾ ਜੀ ਇਤਨੀ ਮਹਾਨ ਪਦਵੀ ਤੇ ਪਹੁੰਚੇ।

ਲਹਿਣਾ ਜੀ ਦਾ ਜਨਮ ੩੧. ੩. ੧੫੦੪ ਈ. ਨੂੰ ਮਾਤਾ ਦਇਆ ਕੌਰ ਦੀ ਕੁੱਖੋਂ ਭਾਈ ਫੇਰੂ ਮਲ ਜੀ ਦੇ ਘਰ ਮੱਤੇ ਦੀ ਸਰਾਏ ਨਾਮੀ ਪਿੰਡ ਵਿੱਚ ਹੋਇਆ ਜਿਹੜਾ ਅੱਜ ਕੱਲ੍ਹ ਪੰਜਾਬ ਦੇ ਮੁਕਤਸਰ ਜਿਲ੍ਹੇ ਵਿੱਚ ਹੈ। ਲਹਿਣਾ ਜੀ ਧਾਰਮਿਕ ਵਿਚਾਰਾਂ ਤੋਂ ਸਨਾਤਨ ਧਾਰਨਾ ਦੇ ਹੋਣ ਕਾਰਨ ਹਰ ਸਾਲ ਦੇਵੀ ਦੇ ਦਰਸ਼ਨਾਂ ਨੂੰ ਜਵਾਲਾਮੁਖੀ ਦੀ ਯਾਤਰਾ ਨੂੰ ਜਾਂਦੇ । ਇਕ ਵਾਰੀ ਗੁਰੂ ਨਾਨਕ ਦੇਵ ਜੀ ਉਪਮਾ ਸੁਣਕੇ ਕਰਤਾਰਪੁਰ ਰਾਹੀ ਹੋ ਕੇ ਦੇਵੀ ਦੇ ਦਰਸ਼ਨਾਂ ਨੂੰ ਜਾਣ ਦਾ ਮਨ ਬਣਾਇਆ ਪਰ ਗੁਰੂ ਜੀ ਦੀ ਸ਼ਖ਼ਸੀਅਤ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਦੇ ਚਰਨਾਂ ਦੇ ਹੀ ਸੇਵਕ ਬਣ ਕੇ ਉਥੇ ਪੱਕਾ ਡੇਰਾ ਲਾ ਲਿਆ। ਇਹ ਗੱਲ ੧੫੩੧ ਈ. ਦੀ ਹੈ। ਫਿਰ

ਅੱਠ ਸਾਲ ਗੁਰੂ ਘਰ ਦੀ ਰੱਜ ਕੇ ਸੇਵਾ ਕੀਤੀ ਅਤੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲੇ ਗੁਰਗੱਦੀ ਬਖ਼ਸ਼ ਕੇ ਇਨ੍ਹਾਂ ਵਿੱਚ ਆਪਣੀ ਆਤਮਿਕ ਜੋਤ ਵਲਨਿ ਕਰ ਦਿੱਤੀ ਅਤੇ ਉਹ ਗੁਰੂ ਅੰਗਦ ਦੇਵ ਬਣ ਗਏ। ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਵੀ ਗੁਰੂ ਅੰਗਦ ਦੇਵ ਜੀ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਮਾਨਵਤਾ ਨੂੰ ਅੱਗੇ ਤੋਰਦੇ ਰਹੇ ਅਤੇ ਉਨਾਂ ਨੇ ਕਈ ਐਸੇ ਪ੍ਰਯਤਨ ਅਰੰਭੇ ਜਿਨ੍ਹਾਂ ਨਾਲ ਗੁਰੂ ਘਰ ਦਾ ਦਾਇਰਾ ਹੋਰ ਮੋਕਲਾ ਹੋਇਆ। ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਬਿਰਤਾਂਤ ਸੰਭਾਲਣ ਹਿੱਤ ਉਨ੍ਹਾਂ ਬਾਰੇ ਪਹਿਲੀ ਜਨਮਸਾਖੀ ਲਿਖਵਾਈ। ਪੰਜਾਬੀ ਭਾਸ਼ਾ ਨੂੰ ਵਿਕਸਿਤ ਕਰਨ ਦੇ ਪ੍ਰਯਤਨਾਂ ਵਿੱਚ ਗੁਰਮੁਖੀ ਲਿੱਪੀ ਨੂੰ ਸੰਵਾਰਿਆ, ਸਜਾਇਆ ਤੇ ਵੱਖ-ਵੱਖ ਅੱਖਰਾਂ ਨਾਲ ਵੱਖ-ਵੱਖ ਧੁਨੀਆਂ ਪ੍ਰਮਾਣਿਕ ਤੌਰ ਤੇ ਨਿਸ਼ਚਿਤ ਕੀਤੀਆਂ ਤਾਂ ਜੋ ਭਾਸ਼ਾ ਪਰਪੱਕ ਹੋ ਸਕੇ। ਗੁਰਬਾਣੀ ਦੇ ਗੁਟਕੇ ਤਿਆਰ ਕਰਵਾ ਕੇ ਸੰਗਤਾਂ ਵਿੱਚ ਵੰਡੇ। ਪਾਠਸ਼ਾਲਾਵਾਂ ਖੋਹਲੀਆਂ, ਬੱਚਿਆਂ ਨੂੰ ਇਕੱਠੇ ਕਰਕੇ ਉਨ੍ਹਾਂ ਲਈ ਖੇਡਾਂ ਦੰਗਲਾਂ ਦੇ ਅਯੋਜਨ ਕਰਵਾਏ। ਗ੍ਰਹਿਸਤ ਆਸ਼ਰਮ ਦੀ ਮਹੱਤਤਾ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਯਤਨ ਕੀਤੇ। ਆਪਣੀ ਨੇਕ ਸੀਰਤ ਸੁਪਤਨੀ ਮਾਤਾ ਖੀਵੀ ਜੀ ਨੂੰ ਨਾਲ ਲੈ ਕੇ ਲੰਗਰ ਦੀ ਸੇਵਾ ਵਿੱਚ ਜੁਟੇ ਰਹਿੰਦੇ। ਇਨ੍ਹਾਂ ਸਾਰੇ ਉਦਮਾਂ ਸਦਕਾ ਜਨਤਾ ਵਿੱਚ ਮਨੁੱਖੀ ਏਕਤਾ ਦਾ ਸਿਧਾਂਤ ਦ੍ਰਿੜ ਕਰਵਾਇਆ ਅਤੇ ਲੋਕਾਂ ਨੂੰ ਵਿਰਾਗੀ ਤਿਆਗੀ ਹੋਣ ਤੋਂ ਵਰਜਿਆ। ਇਸ ਤਰ੍ਹਾਂ ਗੁਰੂ ਨਾਨਕ ਜੀ ਦੁਆਰਾ ਚਲਾਏ ਧਰਮ ਦੀ ਗੱਲ ਅੱਗੇ ਤੁਰੀ।

ਗੁਰੂ ਅੰਗਦ ਦੇਵ ਜੀ ਉਤੇ ਗੁਰੂ ਨਾਨਕ ਦੇਵ ਜੀ ਦੀ ਹਸਤੀ ਦੀ ਇਤਨੀ ਗਹਿਰੀ ਛਾਪ ਸੀ ਕਿ ਬਾਣੀ ਦੇ ਜਿਹੜੇ ੬੨ ਸਲੋਕ ਉਨ੍ਹਾਂ ਨੇ ਰਚੇ ਹਨ ਉਨ੍ਹਾਂ ਵਿਚੋਂ ਬਹੁਤਿਆਂ ਦਾ ਆਸ਼ਾ ਗੁਰੂ ਨਾਨਕ ਦੇਵ ਜੀ ਦੇ ਸਲੋਕਾਂ ਨਾਲ ਮਿਲਦਾ ਹੈ ਤੇ ਕਈਆਂ ਦੇ ਤਾਂ ਸ਼ਬਦ ਵੀ ਲੱਗਭੱਗ ਉਹੀ ਹਨ ਜਿਵੇਂ :-

੧. 'ਪਵਣ ਗੁਰੂ ਪਾਣੀ ਪਿਤਾ' ਦਾ ਸਾਰਾ ਸ਼ਬਦ ਜੋ ਗੁਰੂ ਨਾਨਕ ਦੇਵ ਜੀ ਵੱਲੋਂ ਲਿਖਿਆ ਗਰੂ ਗ੍ਰੰਥ ਸਾਹਿਬ ਦੇ ਪੰਨਾ ੮ ਤੇ ਦਰਜ ਹੈ ਨੂੰ 'ਪਉਣ ਗੁਰੂ' ਕਰਕੇ ਗੁਰੂ ਅੰਗਦ ਦੇਵ ਜੀ ਨੇ ਲਿਖਿਆ ਹੈ ਤੇ ਸ਼ਬਦ ਦੇ ਅੰਤ ਵਿੱਚ 'ਹੋਰ ਕੇਤੀ ਛੁਟੀ ਨਾਲਿ ਲਿਖ' ਕੇ 'ਹੋਰ' ਸ਼ਬਦ ਦਾ ਵਾਧਾ ਕੀਤਾ ਹੈ।

੨. 'ਦਿਵਸੁ ਰਾਤਿ ਦੁਇ ਦਾਈ ਦਾਇਆ' ਨੂੰ 'ਦਿਨਸੁ ਰਾਤਿ ਦੋਇ ਦਾਈ ਦਾਇਆ।

੩. ਭੂਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥

ਨੂੰ

'ਭੁਖਿਆ ਭੁਖ ਨ ਉਤਰੇ ਗਲੀ ਭੁਖ ਨ ਜਾਇ 'ਆਦਿ ਲਿਖਿਆ।

ਗੁਰੂ ਅੰਗਦ ਦੇਵ ਜੀ ਦੇ ਰਚੇ ਸਾਰੇ ੬੨ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਵਾਰਾਂ ਵਿੱਚ ਦਰਜ ਹਨ।

ਗੁਰੂ ਸਾਹਿਬ ਦੀ ਬਾਣੀ ਵਿੱਚ ਵਧੀਆਂ ਅਚਾਰ ਗ੍ਰਹਿਣ ਕਰਨ ਦੀਆਂ ਹਦਾਇਤਾਂ ਵੀ

## "ਛਤ੍ਰ ਸਿੰਘਾਸਨੁ ਪਿਰਥਮੀ ਗੁਰ ਅਰਜਨੁ ਕਉਦੇ ਆਇਅਉ"

# ਸ਼ਹੀਦਾਂ ਦੇ ਸਿਰਤਾਜ
# ਸ੍ਰੀ ਗੁਰੂ ਅਰਜਨ ਦੇਵ ਜੀ

ਬਾਣੀ ਦੇ ਬੋਹਿਥ, ਸ਼ਹੀਦਾਂ ਦੇ ਸਿਰਤਾਜ, ਨਿਮਰਤਾ ਦੀ ਮੂਰਤੀ ਉਦਾਰੀਚਤਤਾ ਦੇ ਸਰੂਪ ਮਾਨਵੀ ਪ੍ਰੇਮ ਦੇ ਅਲੰਬਰਦਾਰ, ਲਾਮਿਸਾਲ ਬ੍ਰਹਮ ਗਿਆਨੀ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਗੋਇੰਦਵਾਲ ਦੀ ਪੂਜਨੀਕ ਧਰਤੀ ਤੇ ਮਾਤਾ ਭਾਨੀ ਜੀ ਦੇ ਉਦਰ ਤੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਗ੍ਰਹਿ ਵਿਖੇ ੧੫-੬-੧੫੬੩ ਈ ਨੂੰ ਹੋਇਆ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭੱਟਾਂ ਦੇ ੧੨੩ ਸਵੱਈਆਂ ਵਿਚੋਂ ਤਿੰਨ ਭੱਟਾਂ ਨੇ ਆਪ ਜੀ ਦੀ ਸਰਬਪੱਖੀ ਉਪਮਾ ਵਿੱਚ ਜਿਹੜੇ ੨੧ ਸਵੱਈਏ ਰਚੇ ਹਨ ਉਨ੍ਹਾਂ ਵਿੱਚ ਆਪ ਦੇ ਸਹਿਜ ਗੁਣਾਂ ਦਾ ਸੁਹਜ ਪੂਰਣ ਵਰਣਨ ਹੈ। ਭੱਟਾਂ ਅਨੁਸਾਰ ਗੁਰੂ ਸਾਹਿਬ ਨੇ ਸਤਿ ਸੰਤੋਖ ਤੇ ਨਾਮ ਦੀ ਡਾਢੀ ਸੋਹਣੀ ਕਮਾਈ ਕੀਤੀ ਹੈ। ਭੱਟਾਂ ਨੇ ਇਹ ਲਿਖ ਕੇ ਵੀ ਕੋਈ ਅਤਿਕਥਨੀ ਤੋਂ ਕੰਮ ਨਹੀਂ ਲਿਆ ਕਿ ਉਨ੍ਹਾਂ ਨੂੰ ਸਿੰਘਾਸਨ ਖੁਦ ਪਰਮੇਸ਼ਵਰ ਨੇ ਪ੍ਰਦਾਨ ਕੀਤਾ ਅਤੇ ਜਗਤ ਦੇ ਕਲਿਆਣ ਹਿਤ ਗੁਰੂ ਰਾਮਦਾਸ ਜੀ ਨੇ ਆਪਣੀ ਜੋਤ ਗੁਰੂ ਅਰਜਨ ਦੇਵ ਜੀ ਵਿੱਚ ਬਿਰਾਜਮਾਨ ਕਰ ਦਿੱਤੀ ਤੇ ਇਸ ਤਰ੍ਹਾਂ ਉਨ੍ਹਾਂ ਵਿੱਚ ਬ੍ਰਹਮ ਦਾ ਨਿਵਾਸ ਹੋ ਗਿਆ ਅਤੇ ਉਹ ਪ੍ਰਤੱਖ ਰੂਪ ਵਿੱਚ ਆਪ ਅਕਾਲ ਪੁਰਖ ਦਾ ਰੂਪ ਹੋ ਗਏ। ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿੱਚ ਆਪਣੇ ਗੁਰੂ ਪਿਤਾ ਸ੍ਰੀ ਗੁਰੂ ਰਾਮਦਾਸ ਦੀ ਪ੍ਰਤੀ ਅਥਾਹ ਪਿਆਰ ਤੇ ਸਤਿਕਾਰ ਸੀ। ਜਿਸ ਦੀ ਬਦੌਲਤ ਉਨਾਂ ਦੀ ਪਵਿੱਤਰ ਆਤਮਾ ਆਪਣੇ ਇਸ਼ਟ ਦੀ ਉਪਾਸਨਾ ਵਿੱਚ ਅਟੁੱਟ ਤੇ ਅਮੁੱਕ ਵਿਸ਼ਵਾਸ ਤੇ ਨਿਸ਼ਕਾਮ ਸਨੇਹ ਵਿੱਚ ਜੁਟੀ ਤੇ ਪਰਚੰਡ ਰਹਿੰਦੀ। ਉਨ੍ਹਾਂ ਦੀ ਇਸ ਘਨਿਸ਼ਟ ਸ਼ਰਧਾ, ਸਤਿਕਾਰੀ ਭਾਵਨਾ ਅਤੇ ਕਾਮਲ ਸਖਸ਼ੀਅਤ ਸਦਕਾ ਗੁਰੂ ਰਾਮਦਾਸ ਜੀ ਨੇ ਆਪਣੇ ਜੇਠੇ ਪੁੱਤਰ ਪ੍ਰਿਥੀ ਚੰਦ, ਵਿਚਕਾਰਲੇ ਪੁੱਤਰ ਮਹਾਂਦੇਵ ਨੂੰ ਛੱਡ ਕੇ ਸਭ ਤੋਂ ਨਿੱਕੇ ਪੁੱਤਰ ਅਰਜਨ ਦੇਵ ਜੀ ਨੂੰ ਮਾਨਵਤਾ ਦੀ ਬਹੁਪੱਖੀ ਰਹਿਨੁਮਾਈ ਦੇ ਕਾਬਲ ਸਮਝਦਿਆਂ ਹੋਇਆਂ। ਗੁਰੂ ਨਾਨਕ ਦੇਵ ਜੀ ਦੀ ਰੂਹਾਨੀ ਗੱਦੀ ਦਾ ਵਾਰਸ ਥਾਪਿਆ। ਇਹ ਘਟਨਾ ੧-੯-੧੫੮੧ ਦੀ ਹੈ। ਇੱਧਰ ਗੁਰੂ ਅਰਜਨ ਦੇਵ ਜੀ ਗੁਰਗੱਦੀ ਤੇ ਬੈਠੇ ਤੇ ਉਧਰ ਅਕਬਰ ਬਾਦਸ਼ਾਹ ਨੇ ਸਭ ਭਾਰਤੀਆਂ ਨੂੰ ਇੱਕ ਵਿਸ਼ਵਾਸ਼ ਅਧੀਨ ਲਿਆਉਣ ਲਈ ਉਸੇ ਸਾਲ ਇਕ ਵਿਸ਼ੇਸ਼ ਸਾਂਝਾ ਧਰਮ "ਦੀਨੇ ਇਲਾਹੀ" ਦੇ ਨਾਂ ਹੇਠ ਚਲਾਇਆ ਪਰ ਬਾਦਸ਼ਾਹੀ ਸਰਪ੍ਰਸਤੀ ਹਾਸਲ ਹੋਣ ਦੇ ਬਾਵਜੂਦ ਵੀ ਦੀਨੇ-ਇਲਾਹੀ ਦੀ ਵਿਚਾਰਧਾਰਾ ਪੰਨਪ ਨਾ ਸਕੀ। ਦੂਜੇ ਪਾਸੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਅਤੇ ਇਨ੍ਹਾਂ ਤੋਂ ਮਗਰੋਂ ਆਏ ਹੋਰ ਤਿੰਨ ਗੁਰੂ ਸਾਹਿਬਾਨ ਦੇ ਰੂਹਾਨੀ ਫਲਸਫੇ ਨੂੰ ਹੋਰ ਅੱਗੇ ਤੋਰਿਆ ਅਤੇ ਅਕਾਲ ਪੁਰਖ ਦੀ ਮਹਿਮਾ ਅਜਿਹੇ ਅਲੋਕਿਕ ਢੰਗਾਂ ਨਾਲ ਗਾਈ ਕਿ ਕਰੂੜ ਤੋਂ ਕਰੂੜ ਹਿਰਦਾ ਵੀ ਉਸ ਮਹਾਨ ਵਾਹਿਗੁਰੂ ਦੀ ਸਿਮਰਤੀ ਵਿੱਚ ਜੁੜਨ ਲਈ ਨਿਰਮਲ ਹੁੰਦਾ ਗਿਆ। ਸੁਖਮਨੀ ਸਾਹਿਬ ਉਨ੍ਹਾਂ ਦੀ ਅਜਿਹੀ ਬਾਣੀ ਹੈ ਜਿਹੜੀ ਹਿਰਦੇ ਨੂੰ ਠੰਡ ਪਾਉਂਦੀ ਹੈ, ਆਤਮਾ ਨੂੰ ਧੀਰਜ ਦਿੰਦੀ ਹੈ, ਮਨ ਨੂੰ ਟਿਕਾਓ ਬਖ਼ਸਦੀ ਹੈ, ਸਰੀਰ ਨੂੰ ਸਵੱਛ ਕਰਦੀ ਹੈ ਮਨੋ ਕਿ ਸਰਬ ਰੋਗਾਂ ਦੀ

ਔਸ਼ਧੀ ਹੈ ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥

ਜਿਤਨੀ ਵੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਉਸ ਵਿਚੋਂ ਅੱਧੀ ਨਾਲੋਂ ਵੱਧ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਗਈ ਬਾਣੀ ਹੈ ਜਿਸ ਵਿੱਚ ਚੰਗੇ ਮਨੁੱਖ ਅਕਾਲ ਪੁਰਖ ਨਾਲ ਜੁੜੇ ਹੋਏ ਮਨੁੱਖ, ਮਾਨਵਤਾ ਦੇ ਹਿਤੈਸ਼ੀ-ਮਨੁੱਖ ਦੇ ਚਰਿੱਤਰ ਦੀ ਘਾੜਤ ਮੌਜੂਦ ਹੈ । 2218 ਸ਼ਬਦਾਂ ਵਿੱਚ ਇਸ ਗੱਲ ਨੂੰ ਬਾਰ-ਬਾਰ ਬਹੁਤ ਹੀ ਸੁੱਚਜੇ ਤੇ ਦਰਿਸਟਾਂਤਮਈ ਨਿਰਾਲੇ ਢੰਗਾਂ ਨਾਲ 30 ਰਾਗਾਂ ਵਿੱਚ ਗਾ-ਗਾ ਕੇ ਦੁਹਰਾਇਆ ਗਿਆ ਹੈ । ਬਾਣੀ ਦੇ ਇਸ ਅਨੂਠੇ ਪ੍ਰਵਾਹ ਸਦਕਾ ਉਨ੍ਹਾਂ ਨੂੰ ਰਾਇ ਬਲਵੰਡ ਜੀ ਵਲੋਂ ਉਗਣਵਹੁ ਤੇ ਆਥਵਣਹੁ ਚਹੁ ਚਕੀ ਕੀਅਨੁ ਲੋਆ ਕਹਿ ਕੇ ਸਤਿਕਾਰਿਆ ਗਿਆ ਭਾਵ ਇਹ ਕਿ ਉਨ੍ਹਾਂ ਨੇ ਆਪਣੀ ਮਹਾਨ ਸ਼ਖਸੀਅਤ ਤੇ ਬਾਣੀ ਪ੍ਰਵਾਹ ਸਦਕਾ ਸੂਰਜ ਚੜ੍ਹਨ ਵਾਲੇ ਪਾਸੇ ਤੋਂ ਲੈ ਕੇ ਡੁੱਬਣ ਵਾਲੇ ਪਾਸੇ ਤੱਕ ਹਰ ਤਰਫ ਅਧਿਆਤਮਿਕ ਪਰਕਾਸ਼ ਦਾ ਚਾਨਣ ਹੀ ਚਾਨਣ ਬਖੇਰ ਦਿੱਤਾ ਹੈ ਅਤੇ ਸੰਸਾਰ ਨੂੰ ਨੂਰੋ ਨੂਰ ਕਰ ਦਿੱਤਾ ਹੈ ।

ਗੁਰੂ ਸਾਹਿਬ ਨੇ ਆਪਣੇ ਗੁਰ-ਗੱਦੀ ਕਾਲ ਵਿੱਚ ਇਲਾਹੀ ਬਾਣੀ ਰਚਣ ਤੋਂ ਇਲਾਵਾ ਪਹਿਲੇ ਗੁਰੂ ਸਾਹਿਬਾਨ, ਭਗਤਾਂ, ਉਚੇ ਸੁਚੇ ਪੀਰਾਂ, ਦਰਵੇਸ਼ਾਂ ਅਤੇ ਭੱਟਾਂ ਦੀ ਬਾਣੀ ਇਕੱਤਰ ਕਰਕੇ ਰਾਗਾਂ ਦੇ ਆਧਾਰ ਤੇ ਉਸਨੂੰ ਇਕ ਗ੍ਰੰਥ ਵਿੱਚ ਸੰਪਾਦਤ ਕੀਤਾ । ਇਹ ਮਹਾਨ ਕਾਰਜ ਉਨ੍ਹਾਂ ਨੇ ਰਾਮਸਰ ਦੇ ਕੰਢੇ (ਸ੍ਰੀ ਅੰਮ੍ਰਿਤਸਰ ਵਿਖੇ) ਬੈਠ ਕੇ 1601 ਤੋਂ 1604 ਈ: ਦੌਰਾਨ ਨਿਰੰਤਰ ਮਿਹਨਤ ਲਗਨ ਤੇ ਸੁਗਮਤਾ ਨਾਲ ਪੂਰਾ ਕੀਤਾ । ਸਾਧਾਰਨ ਪਰ ਪਰਪੱਕ ਪੰਜਾਬੀ ਭਾਸ਼ਾ ਵਿੱਚ ਬਾਣੀ ਰਚ ਕੇ ਉਨ੍ਹਾਂ ਨੇ ਪੰਜਾਬੀ ਨੂੰ ਵਿਸ਼ੇਸ਼ ਮਾਣ ਬਖ਼ਸ਼ਿਆ ਜਿਸ ਕਰਕੇ ਪੰਜਾਬੀ ਲੋਕ ਆਪਣੀ ਭਾਸ਼ਾ ਨੂੰ ਵਿਕਸਤ ਤੇ ਪਰਮਾਣਿਕ ਰੂਪ ਵਿੱਚ ਪ੍ਰਾਪਤ ਕਰਕੇ "ਅਹਿਲੇ ਜ਼ਬਾਨ" ਬਣ ਗਏ । ਇਥੇ ਹੀ ਬਸ ਨਹੀਂ ਗੁਰੂ ਗ੍ਰੰਥ ਸਾਹਿਬ ਵਰਗਾ ਲਾਸਾਨੀ ਇਲਾਹੀ ਖਜ਼ਾਨਾ ਪ੍ਰਾਪਤ ਕਰਕੇ ਉਹ ਅਹਿਲੇ 'ਗ੍ਰੰਥ' ਬਣ ਗਏ । ਗੁਰੂ ਅਰਜਨ ਦੇਵ ਜੀ ਦੇ ਗੁਲਾਮ ਮੁਹੀਉਦੀਨ ਦੀ ਤਵਾਰੀਖ-ਇ-ਪੰਜਾਬ ਵਿੱਚ ਦੱਸੇ ਅਨੁਸਾਰ ਅੰਮ੍ਰਿਤਸਰ ਸਰੋਵਰ ਵਿੱਚ ਸੂਫੀ ਪੀਰ ਮੀਆਂ ਮੀਰ ਜੀ ਪਾਸੋਂ ਹਰਿਮੰਦਰ ਦੀ ਨੀਂਹ ਰਖਵਾ ਕੇ ਸਰਬ ਧਰਮਾਂ ਲਈ ਮੰਦਰ ਉਸਾਰਿਆ ਜਿਸ ਦੇ ਚਾਰ ਦਰਵਾਜੇ ਇਸ ਗੱਲ ਦੇ ਪਰਤੀਕ ਹੋਏ ਕਿ ਇਹ ਚੋਹਾਂ ਜਾਤਾਂ ਭਾਵ ਸਭ ਲੁਕਾਈ ਦਾ ਸਾਂਝਾ ਤੀਰਥ ਹੈ । ਇਸੇ ਤਰ੍ਹਾਂ ਉਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਅਬਾਦ ਹੋ ਕੇ ਇਸ ਦੇ ਵਿਕਾਸ ਲਈ ਵਪਾਰੀਆਂ, ਉਦਯੋਗਪਤੀਆਂ ਤੇ ਹੋਰ ਉਘੇ ਹੁਨਰਮੰਦਾਂ ਨੂੰ ਸੰਦੇਸ਼ ਭੇਜੇ ਕਿ ਉਹ ਇਸ ਸ਼ਹਿਰ ਵਿੱਚ ਵਸ ਕੇ ਇਸ ਦੇ ਵਿਕਾਸ ਵਿੱਚ ਹਿੱਸਾ ਪਾਉਣ । ਤਰਨਤਾਰਨ ਸਾਹਿਬ ਸ਼ਹਿਰ ਦੀ ਸਿਰਜਨਾ ਵੀ ਗੁਰੂ ਸਾਹਿਬ ਨੇ ਧਰਮ ਕੇਂਦਰ ਵਿਕਸਤ ਕਰਨ ਦੇ ਮਨੋਰਥ ਨਾਲ ਕਰਵਾਈ ।

ਜਦ ਤੱਕ ਤਾਂ ਦੂਰ ਦ੍ਰਿਸ਼ਟੀ ਵਾਲਾ ਬਾਦਸ਼ਾਹ ਅਕਬਰ ਜੀਉਂਦਾ ਰਿਹਾ ਤਦ ਤੱਕ ਇਨ੍ਹਾਂ ਕੱਟੜ ਪੰਥੀਆਂ ਦੇ ਮਨਸੂਬੇ ਕਾਮਯਾਬ ਨਾ ਹੋ ਸਕੇ ਪਰ 1605 ਈ. ਵਿੱਚ ਉਸ ਦੇ ਮਰ ਜਾਣ ਤੇ ਉਸਦਾ ਪੁੱਤਰ ਜਹਾਂਗੀਰ ਜਦ ਮੁਗਲ ਸਮਰਾਟ ਦੇ ਰੂਪ ਵਿੱਚ ਤਖਤ ਤੇ ਬੈਠਾ ਤਾਂ

ਇਨ੍ਹਾਂ ਸਰਹੰਦ ਦੇ ਉਲਮਾਵਾਂ, ਨਕਸਬੰਦੀਆਂ ਤੇ ਮੌਲਾਣਿਆਂ ਨੇ ਉਸ ਦੇ ਕੰਨ ਗੁਰੂ ਸਾਹਿਬ ਅਤੇ ਸਿੱਖ ਧਰਮ ਦੀ ਚੜ੍ਹਤ ਵਿਰੁੱਧ ਭਰੇ ਤੇ ਕਾਮਯਾਬ ਹੋਏ। ਜਹਾਂਗੀਰ ਨੇ ਆਪਣੇ ਰੋਜ਼ਨਾਮਚੇ 'ਤੋਜ਼ਕੇ ਜਹਾਗੀਰੀ' ਵਿੱਚ ਲਿਖਿਆ ਵੀ ਹੈ ਕਿ ਉਹ ਗੁਰੂ ਅਰਜਨ ਵਲੋਂ ਚਲਾਈ ਜਾ ਰਹੀ 'ਝੂਠ ਦੀ ਦੁਕਾਨ' ਤੇ ਬੇਹੱਦ ਦੁਖੀ ਸੀ ਤੇ ਉਸਦੇ ਹੱਥ ਵਿੱਚ ਤਾਕਤ ਆ ਗਈ। ਇਸ ਲਈ ਉਸ ਨੇ ਰਾਜ ਧਰੋਹ ਦੇ ਬੇਹੂਦਾ ਅਲਜਾਮ ਵਿੱਚ ਗੁਰੂ ਸਾਹਿਬ ਨੂੰ ਗ੍ਰਿਫਤਾਰ ਕੀਤਾ ਅਤੇ ਯਾਸਾ ਅਨੁਸਾਰ ਤਸੀਹੇ ਦੇ ਕੇ ਲਾਹੌਰ ਵਿਖੇ ਰਾਵੀਂ ਦਰਿਆ ਦੇ ਕੰਢੇ ਤੇ ਤੱਤੀਆਂ ਤਵੀਆਂ ਤੇ ਬਿਠਾ ਕੇ ਸਿਰ ਤੇ ਗਰਮ ਰੇਤ ਪਵਾ ਕੇ **30 ਮਈ 1606** ਈ ਨੂੰ ਸ਼ਹੀਦ ਕਰਵਾ ਦਿੱਤਾ। ਇਸ ਤਰ੍ਹਾਂ ਗੁਰੂ ਸਾਹਿਬ ਸੱਚ ਦੀ ਖਾਤਰ ਅਤੇ ਆਪਣੇ ਅਕੀਦੇ ਅਨੁਸਾਰ ਵਾਹਿਗੁਰੂ ਦੀ ਅਰਾਧਨਾ ਕਰਨ ਦੇ ਹੱਕ ਦੀ ਸਲਾਮਤੀ ਲਈ ਆਪਣਾ ਬਲੀਦਾਨ ਦੇ ਕੇ ਆਪਣੇ ਗੁਰੂ ਪਿਤਾ ਜੀ ਦੇ ਉਚਰੇ ਨਿਮਨ ਸ਼ਬਦ ਨੂੰ ਸੱਚਾ ਕਰ ਗਏ :

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚ ਸੂਖ ਮਨਾਈ।
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥

ਅਤੇ ਇਸ ਤਰ੍ਹਾਂ ਉਨ੍ਹਾਂ ਨੇ "ਤੇਰਾ ਕੀਆ ਮੀਠਾ ਲਾਗੈ" ਦੀ ਭਾਵਨਾ ਵਿੱਚ ਇਹ ਲਾਮਿਸਾਲ ਕੁਰਬਾਨੀ ਕਰਕੇ ਕੌਮ ਦੇ ਪ੍ਰਥਮ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਕੀਤਾ। ਉਨ੍ਹਾਂ ਦੀ ਇਸ ਅਜ਼ੀਮ ਸ਼ਹਾਦਤ ਨਾਲ ਕੌਮੀ ਸੰਗਠਨ ਪਰਪੱਕ ਹੋਇਆ। ਜਿਸ ਨੇ ਹੋਰ ਸ਼ਕਤੀ ਗ੍ਰਹਿਣ ਕੀਤੀ ਤੇ ਸਿੱਖ 'ਅਹਿਲੇ ਸ਼ਹਾਦਤ' ਵੀ ਬਣ ਗਏ। ਗੁਰੂ ਸਾਹਿਬ ਦੀ ਇਸ ਸ਼ਹਾਦਤ ਸਦਕਾ ਕੌਮ ਦੀ ਸੁਚਾਰੂ ਨੀਤੀ ਵਿੱਚ ਪਰਿਵਰਤਨ ਆਇਆ। ਸਿੱਖਾਂ ਨੂੰ ਹੱਕ ਇਨਸਾਫ ਅਤੇ ਆਪਣੀ ਧਾਰਮਿਕ ਰਹੁ ਰੀਤੀ ਅਨੁਸਾਰ ਜੀਣ ਦੀ ਜਾਚ ਕਾਇਮ ਰੱਖਣ ਦੀ ਲੋੜ ਪਈ ਅਤੇ ਗੁਰੂ ਅਰਜਨ ਦੇਵ ਜੀ ਦੀ ਅਧਿਆਤਮਿਕ ਗੱਦੀ ਤੇ **1-6-1606** ਨੂੰ ਬਿਰਾਜਮਾਨ ਹੁੰਦਿਆਂ ਹੀ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਕੇ ਮੁਗ਼ਲ ਰਾਜ ਦੇ ਅੱਤਿਆਚਾਰਾਂ ਵਿਰੁੱਧ ਡੱਟਣ ਦਾ ਫੈਸਲਾ ਕੀਤਾ ਤੇ ਇਸ ਤਰ੍ਹਾਂ ਸਿੱਖੀ ਜੀਵਨ ਵਿੱਚ ਭਗਤੀ ਦੇ ਨਾਲ-ਨਾਲ ਸ਼ਕਤੀ ਦਾ ਵੀ ਸੰਚਾਰ ਹੋਣਾ ਸ਼ੁਰੂ ਹੋਇਆ ਜਿਸ ਦੀ ਸਿਖਰ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਰਬੰਸ ਵਾਰਨ ਨਾਲ ਪ੍ਰਾਪਤ ਹੋਈ।

('ਅਭਿਨਾਸ਼ੀ ਸਿੰਘ)

* * *

"ਤੇਗ ਬਹਾਦਰ ਸਿਮਰੀਐ ਘਰਿ ਨਉ ਨਿਧਿ ਆਵੈ ਧਾਇ'

# ਗੁਰੂ ਤੇਗ ਬਹਾਦਰ-ਹਿੰਦ ਦੀ ਚਾਦਰ

- ਅਭਿਨਾਸ਼ੀ ਸਿੰਘ

ਗੁਰੂ ਤੇਗ ਬਹਾਦਰ ਸਾਹਿਬ ਨੇ ਜਬਰ ਨਾਲ ਮੁਕਾਬਲਾ ਕਰਕੇ ਅਤੇ ਸਬਰ ਦੀ ਜਿੱਤ ਦਾ ਡੰਕਾ ਵਜਾ ਕੇ ਅਜਿਹਾ ਇਤਿਹਾਸਿਕ ਪਰਮਾਣ ਨਿਰਮਤ ਕੀਤਾ ਜਿਸ ਦੀ ਬਦੌਲਤ ਮਨੁੱਖੀ ਇਤਿਹਾਸ ਵਿੱਚ ਇੱਕ ਲਾਮਿਸਾਲ ਅਨੋਖੀ ਤੇ ਸ਼ਕਤੀਮਾਨ ਗਵਾਹੀ ਖੜੀ ਹੋ ਗਈ।

" ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ ॥

ਬਕਾਲਾ ਨਿਵਾਸੀ ਸ੍ਰੀ ਹਰੀ ਚੰਦ ਜੀ ਦੀ ਸਪੁੱਤਰੀ ਮਾਤਾ ਨਾਨਕੀ ਦੇ ਉਦਰ ਤੋਂ ਅਵਤਾਰ ਧਾਰਨ ਵਾਲੇ ਗੁਰੂ ਹਰਿਗੋਬਿੰਦ ਸਾਹਿਬ ਦੇ ਤਪੱਸਵੀ ਪਰ ਬਹਾਦਰ ਸਪੁੱਤਰ ਤੇਗ ਬਹਾਦਰ ਸਾਹਿਬ ਨੇ 1-4-1621 ਈ. ਨੂੰ ਗੁਰਗੱਦੀ ਆਪਣੇ ਮਹਾਨ ਪਿਤਾ ਛੇਵੇਂ ਗੁਰੂ ਹਰਿਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਨਹੀਂ ਮਿਲੀ ਅੱਠਵੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਬਹੁਤ ਛੋਟੀ ਉਮਰ ਵਿੱਚ ਅਚਾਨਕ ਬਾਬੇ ਬਕਾਲੇ ਕਹਿ ਕੇ ਜੋਤੀ ਜੋਤੀ ਸਮਾਉਣ ਨਾਲ ਭਾਈ ਮੱਖਣ ਸ਼ਾਹ ਲੁਬਾਣੇ ਨੇ ਸੱਚੇ ਗੁਰੂ ਪ੍ਰਤੀ ਆਪਣੀ ਸ਼ਰਧਾ ਬਿਨਾਂ ਤੇ ਇਨ੍ਹਾਂ ਨੂੰ ਬਾਬਾ ਬਕਾਲਾ ਵਿਖੇ ਪ੍ਰਗਟ ਕਰ ਦਿੱਤਾ ਅਤੇ ਇਸ ਤਰ੍ਹਾਂ 24 ਸਾਲ ਤੋਂ ਨਿਰੰਤਰ ਪ੍ਰਭੂ ਅਰਾਧਨਾ ਵਿੱਚ ਵਲੀਨ ਹੋਏ ਤੇਗ ਬਹਾਦਰ ਜੀ ਨੂੰ 11-8-1664 ਨੂੰ ਨੌਵੇਂ ਗੁਰੂ ਦੇ ਰੂਪ ਵਿੱਚ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਸੁਸ਼ੋਭਿਤ ਕੀਤਾ ਗਿਆ। ਕਵੀ ਸੈਨਾਪਤੀ ਗੁਰੂ ਸਾਹਿਬ ਦੇ ਪ੍ਰਗਟ ਹੋਣ ਤੇ ਸਤਿਕਾਰ ਵਿੱਚ ਉਨ੍ਹਾਂ ਬਾਰੇ ਲਿਖਦਾ ਹੈ।

" ਪ੍ਰਗਟ ਭਏ ਗੁਰੂ ਤੇਗ ਬਹਾਦਰ
ਸਗਲ ਸ੍ਰਿਸਟ ਪੈ ਢਾਪੀ ਚਾਦਰ "

ਗੁਰੂ ਸਾਹਿਬ ਬਚਪਨ ਤੋਂ ਹੀ ਤਿਆਗੀ ਸੁਭਾਅ ਦੇ ਸਨ ਤੇ ਬੇਲੋੜੇ ਮੋਹ ਮਾਇਆ ਦੇ ਜਾਲ ਵਿੱਚ ਗ੍ਰਸਤ ਹੋਣ ਤੋਂ ਹਰ ਕਿਸੇ ਨੂੰ ਵਰਜਦੇ ਸਨ। ਗੁਰਗੱਦੀ ਤੇ ਬਿਰਾਜਮਾਨ ਹੋ ਕੇ ਵੀ ਉਨ੍ਹਾਂ ਨੇ ਭਾਰਤ ਦੇ ਵੱਖ-ਵੱਖ ਇਲਾਕਿਆਂ ਦਾ ਰਟਨ ਕਰਕੇ ਲੋਕਾਂ ਨੂੰ ਜ਼ਿੰਦਗੀ ਦੀ ਮੂਲਕ ਅਸਲੀਅਤ ਤੋਂ ਰੋਸ਼ਨ ਕਰਵਾਇਆ ਤੇ ਅਸਾਮ ਤੱਕ ਯਾਤਰਾਵਾਂ ਕੀਤੀਆਂ। ਇਨ੍ਹਾਂ ਨੇ ਜੋ ਬਾਣੀ ਸ਼ਬਦਾਂ ਤੇ ਸਲੋਕਾਂ ਵਿੱਚ ਰਚੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਦਰਜ ਕੀਤੀ ਹੈ ਉਹ ਆਪਣੀ ਮਿਸਾਲ ਆਪ ਹੈ। ਆਪਣੇ 115 ਸਲੋਕਾਂ ਤੇ ਸ਼ਬਦਾਂ ਵਿੱਚ ਥਾਂ ਪਰ ਥਾਂ ਮਨੁੱਖ ਨੂੰ ਜ਼ਿੰਦਗੀ ਦੀ ਅਸਲੀਅਤ ਤੇ ਮੌਤ ਨੂੰ ਪਹਿਚਾਨਣ ਦਾ ਸੁਨੇਹਾ ਦਿੱਤਾ ਹੈ, ਰੱਬ ਨਾਲ ਜੁੜਨ ਦੇ ਉਪਦੇਸ਼ ਹਨ, ਨੇਕ ਜੀਵਨ ਬਤੀਤ ਕਰਨ ਦੀ ਤਾਕੀਦ ਹੈ,

ਝੂਠ ਫਰੇਬ, ਪਾਖੰਡ ਹਊਮੈਂ ਤੇ ਤਕੱਬਰ ਤੋਂ ਦੂਰ ਰਹਿਣ ਦੇ ਸਬਕ ਹਨ, ਰਾਮ ਨਾਮ ਵਿੱਚ ਵਿਚਰਣ ਤੇ ਪ੍ਰਭੂ ਸਿਮਰਨ ਦੁਆਰਾ ਭਵ ਸਾਗਰ ਤੋਂ ਪਾਰ ਉਤਰਨ ਪ੍ਰਤੀ ਅਗਵਾਈ ਹੈ, ਸਾਦਾ ਪਰ ਗੁਣਵਾਨ ਜੀਵਨ ਜੀਣ ਦੀ ਜਾਚ ਹੈ ਅਤੇ ਨਾ ਕਿਸੇ ਨੂੰ ਡਰਾਉਣ ਤੇ ਨਾ ਕਿਸੇ ਨੂੰ ਡਰਨ ਦੀ ਦਲੇਰਾਨਾ ਸੇਧ ਹੈ । ਉਨ੍ਹਾਂ ਦਾ ਇੱਕ ਇੱਕ ਸਲੋਕ ਬੜੀ ਵਿਰਾਗਮਈ ਰੰਗਤ ਵਿੱਚ ਰੰਗਿਆ ਹੋਇਆ ਸਾਡਾ ਪਥ ਪਰਦਰਸ਼ਨ ਕਰਦਾ ਹੈ। ਕੁਝ ਨਮੂਨੇ ਨਿਮਨ ਅੰਕਿਤ ਹਨ :

1. ਜਗਤ ਮੈ ਝੂਠੀ ਦੇਖੀ ਪ੍ਰੀਤਿ ॥
ਆਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ (ਔਰਤ) ਕਿਆ ਮੀਤ ॥

2. ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥

3 ਇਹ ਜਗਿ ਮੀਤੁ ਨ ਦੇਖਿਓ ਕੋਈ ॥
ਸਗਲ ਜਗਤੁ ਅਪਣੈ ਸੁਖ ਲਾਗਿਓ ਦੁਖ ਮੈ ਸੰਗਿ ਨ ਹੋਈ ॥

ਅਮਰਨਾਥ ਦੇ ਪਵਿੱਤਰ ਤੀਰਥ ਤੇ ਇੱਕ ਪੰਡਿਤ ਨੂੰ ਸੁਪਨੇ ਵਿੱਚ ਸ਼ਿਵਜੀ ਮਹਾਰਾਜ ਦੇ ਦਰਸ਼ਨ ਹੋਏ ਜਿਨ੍ਹਾਂ ਨੇ ਉਸ ਨੂੰ ਹੁਕਮ ਕੀਤਾ ਕਿ ਉਹ ਹਿੰਦੂਆਂ ਨਾਲ ਹੋ ਰਹੀਆਂ ਔਰੰਗਜ਼ੇਬ ਦੀਆਂ ਜ਼ਿਆਦਤੀਆਂ ਦੇ ਹੱਲ ਲਈ ਗੁਰੂ ਤੇਗ ਬਹਾਦਰ ਸਾਹਿਬ ਤੱਕ ਰਸਾਈ ਕਰਨ ਤਦ **500** ਕਸ਼ਮੀਰੀ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ ਚੱਕ ਨਾਨਕੀ-ਆਨੰਦਪੁਰ ਸਾਹਿਬ ਵਿਖੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਨ ਵਿੱਚ ਆਏ ਤੇ ਆਪਣੀ ਸਾਰੀ ਦੁੱਖ ਭਰੀ ਵਿੱਥਿਆ ਗੁਰੂ ਸਾਹਿਬ ਨੂੰ ਸੁਣਾਈ ਜਿਨ੍ਹਾਂ ਨੇ ਉਨ੍ਹਾਂ ਨੂੰ ਧੀਰਜ ਬਨਾਉਂਦਿਆਂ ਹੋਇਆਂ ਕਿਹਾ ਕਿ ਔਰੰਗਜ਼ੇਬ ਨੂੰ ਅਖਵਾ ਭੇਜੋ ਕਿ ਜੇਕਰ ਸਾਡਾ ਗੁਰੂ ਤੇਗ਼ ਬਹਾਦਰ ਮੁਸਲਮਾਨ ਬਣ ਜਾਵੇ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ ਵਰਨਾ ਨਹੀਂ । ਹੁਣ ਗੁਰੂ ਸਾਹਿਬ ਨੇ ਨਿਸਚਾ ਕਰ ਲਿਆ ਕਿ ਬਾਦਸ਼ਾਹ ਦੇ ਹਿੰਦੂ ਮਾਰੂ ਨਾਪਾਕ ਇਰਾਦਿਆਂ ਨੂੰ ਠੱਲ੍ਹ ਪਾਉਣ ਲਈ ਆਪਣਾ ਬਲੀਦਾਨ ਦੇਣਾ ਜ਼ਰੂਰੀ ਹੈ ਤਾਂ ਜੋ ਮਜ਼ਲੂਮ ਹਿੰਦੂਆਂ ਦੇ ਦਿਲਾਂ ਵਿੱਚੋਂ ਮੌਤ ਦਾ ਭੈਅ ਨਿਕਲ ਜਾਵੇ ਤੇ ਉਹ ਆਪਣੇ ਧਰਮ ਤੇ ਜੀਵਨ ਦੀ ਰਾਖੀ ਕਰਨ ਹਿਤ ਮਾਨਸਿਕ ਤੌਰ ਤੇ ਬਲਵਾਨ ਹੋ ਸਕਣ । ਇਸ ਵਿਚਾਰ ਨੂੰ ਅਮਲੀ ਸ਼ਕਲ ਦੇਣ ਲਈ ਮਕਤੂਲ ਖੁਦ ਕਾਤਲ ਵੱਲ ਵਧਿਆ ਤੇ ਆਖਿਰ ਔਰੰਗਜ਼ੇਬ ਦੇ ਧਾਰਮਿਕ ਕੱਟੜਪੁਣੇ ਦੀ ਕਠੋਰਤਾ ਨੂੰ ਨੀਵਾਂ ਦਿਖਾਉਣ ਲਈ **11-11-1675** ਈ. ਨੂੰ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਜਿਥੇ ਅੱਜ ਕੱਲ ਗੁਰਦੁਆਰਾ ਸੀਸ ਗੰਜ ਸੁਸ਼ੋਭਿਤ ਹੈ, ਆਪਣਾ ਸੀਸ ਤਾਂ ਦੇ ਦਿੱਤਾ ਪਰ ਸਿਰਰ ਨਾ ਦਿੱਤਾ । ਇੱਥੇ ਇਹ ਗੱਲ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹੈ ਕਿ ਜਿਸ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਇਹ ਲਾਮਿਸਾਲ ਕੁਰਬਾਨੀ ਦਿੱਤੀ ਉਸ

ਸਮੇਂ ਉਨ੍ਹਾਂ ਦਾ ਇਕਲੌਤਾ ਸਪੁੱਤਰ ਗੋਬਿੰਦ ਰਾਏ 8-9 ਸਾਲ ਦੀ ਬਿਲਕੁਲ ਮਾਸੂਮ ਅਵਸਥਾ ਵਿੱਚ ਸੀ, ਉਨ੍ਹਾਂ ਦੇ ਮਹਿਲ ਮਾਤਾ ਗੁਜਰੀ ਜੀ, ਭਰ ਜਵਾਨੀ ਦੀ ਅਵਸਥਾ ਵਿੱਚ ਵਿਚਰ ਰਹੇ ਸਨ ਅਤੇ ਪੂਜਨੀਕ ਮਾਤਾ ਨਾਨਕੀ ਜੀ ਬਿਲਕੁਲ ਬਿਰਧ ਅਵਸਥਾ ਸਨ। ਇਨ੍ਹਾਂ ਤਿੰਨਾਂ ਦੀ ਹਾਲਾਤ ਅਜਿਹੀ ਸੀ ਕਿ ਇਨ੍ਹਾਂ ਦੇ ਜੀਵਨ ਨਿਰਬਾਹ ਲਈ ਪਰਿਵਾਰ ਵਿੱਚ ਕਿਸੇ ਪੁਰਸ਼ ਦੀ ਸਰਪ੍ਰਸਤੀ ਦਾ ਹੋਣਾ ਅਵੱਸ਼ਕ ਸੀ ਪਰ ਇਸ ਦੇ ਬਾਵਜੂਦ ਵੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪਰਿਵਾਰ ਦੀਆਂ ਜਾਤੀ ਕਠਨਾਈਆਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਦੂਜੇ ਦੇ ਹਿੱਤਾਂ ਦੀ ਰਾਖੀ ਲਈ ਸ਼ਹੀਦੀ ਦੇ ਕੇ ਇੱਕ ਅਜ਼ੀਮ ਕਾਰਨਾਮਾ ਕਰ ਦਿਖਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਇਸ ਸ਼ਹੀਦੀ ਬਾਰੇ ਲਿਖਿਆ ਹੈ :

'ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥

ਉਨ੍ਹਾਂ ਹੋਰ ਫ਼ੁਰਮਾਇਆ ਕਿ ਇਸ ਜ਼ੁਲਮ ਕਾਰਨ ਇਸ ਜਗ ਵਿੱਚ ਤਾਂ ਭਾਵੇਂ ਹਾਹਾਕਾਰ ਮਚ ਗਈ ਪਰ ਪਰਲੋਕ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਦੂਜੇ ਦੇ ਸੁੱਚੇ ਹਿੱਤਾਂ ਦੀ ਰਾਖੀ ਲਈ ਜਾਨ ਨਿਛਾਵਰ ਕਰ ਦੇਣ ਦੇ ਵੱਡਮੁਲੇ ਕਰਮ ਨਾਲ ਸਭ ਵਲੋਂ ਜੈ ਜੈ ਕਾਰ ਹੋਈ।

ਇਸ ਤਰ੍ਹਾਂ ਪਟਨਾ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਅਤੇ ਮਾਤਾ ਗੁਜਰੀ ਜੀ ਦੇ ਘਰ ਜਨਮੇ ਗੁਰੂ ਗੋਬਿੰਦ ਸਿੰਘ ਜੀ ਨੇ ਜਿਨ੍ਹਾਂ ਨੂੰ ਅੰਮ੍ਰਿਤ ਪਾਨ ਕਰਨ ਤੋਂ ਪਹਿਲੇ ਗੋਬਿੰਦ ਰਾਏ ਕਰਕੇ ਜਾਣਿਆ ਜਾਂਦਾ ਸੀ। ਭਾਰਤ ਦੇ ਲੋਕਾਂ ਦੀ ਕਾਇਆਂ ਪਲਟ ਦਿੱਤੀ ਤੇ 8-10-1708 ਨੂੰ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਪ੍ਰਦਾਨ ਕਰਕੇ ਉਹ ਨਾਂਦੇੜ (ਮਹਾਂਰਸ਼ਟਰ) ਵਿਖੇ ਉਕਤ ਮਿਤੀ ਨੂੰ ਜੋਤੀ ਜੋਤ ਸਮਾ ਗਏ। ਆਪਣੇ ਲਕਸ਼ ਦੀ ਪ੍ਰਾਪਤੀ ਹਿੱਤ ਉਨ੍ਹਾਂ ਆਪਣੀ ਸਤਿਕਾਰਯੋਗ ਮਾਤਾ, ਪੂਜਨੀਕ ਪਿਤਾ ਅਤੇ ਪਿਆਰੇ-ਪਿਆਰੇ ਚਾਰ ਮਾਸੂਮ ਬੱਚਿਆਂ ਤੇ ਹਜ਼ਾਰਾਂ ਸੂਰਬੀਰ ਯੋਧਿਆਂ ਦੀ ਕੁਰਬਾਨੀ ਦਿੱਤੀ ਜਿਸ ਦੀ ਬਦੌਲਤ ਦੇਸ਼ ਸ਼ਕਤੀਸ਼ਾਲੀ ਹੋਇਆ, ਮੁਰਦਾ ਕੌਮ ਵਿੱਚ ਜਾਨ ਪਈ ਤੇ ਗੁਰੂ ਦਾ ਇੱਕ-ਇੱਕ ਸਿੱਖ ਦੇਸ਼ ਦੀ ਰਾਖੀ ਕਰਦਾ ਹੋਇਆ ਹੱਕ ਇਨਸਾਫ ਤੇ ਬਿਹਤਰੀਨ ਸਦਾਚਾਰੀ ਕਦਰਾਂ ਕੀਮਤਾਂ ਲਈ ਸਵਾ-ਸਵਾ ਲੱਖ ਨਾਲ ਲੋਹਾ ਲੈਣ ਦੀ ਸਲਾਹੀਅਤ ਰੱਖਣ ਲੱਗ ਪਿਆ ਤੇ ਇਸ ਤਰ੍ਹਾਂ ਪੂਰਨ ਸਿੱਖ ਦੀ ਸਿਰਜਨਾ ਦੀ 239 ਸਾਲ ਦੀ ਟ੍ਰੇਨਿੰਗ ਵਿਧੀ ਪੂਰਵਕ ਸੰਪੰਨ ਹੋਈ ਅਤੇ ਖਾਲਸਾ ਦੁਨੀਆਂ ਵਿੱਚ ਉੱਤਮ ਤਰੀਨ ਇਨਸਾਨ ਤੇ ਕਰਮ ਯੋਗੀ ਦੇ ਰੂਪ ਵਿੱਚ ਉਭਰਿਆ।

***

# 'ਅੰਮ੍ਰਿਤ ਵੇਲਾ ਵਡਿਆਈ ਵਿਚਾਰ-ਪ੍ਰਭੂ ਅਤੇ ਅਰਦਾਸਾਂ ਕਰਨ ਤੇ ਉਸਦੇ ਪਿਆਰ ਪਾਉਣ ਦਾ ਸਮਾਂ

## (ਮੂਲ ਅੰਗਰੇਜੀ ਲੇਖ ਦਾ ਰੂਪਾਂਤਰ)

- ਭਗਵੰਤ ਸਿੰਘ ਦਲਾਵਰੀ

ਗੁਰੂ ਗ੍ਰੰਥ ਸਾਹਿਬ ਦੀ ਕਿਰਪਾ ਸਦਕਾ ਜਦੋਂ ਤੋਂ ਮੈਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਰਾਹੀਂ ਅੰਮ੍ਰਿਤ ਵੇਲੇ ਦੀ ਪਛਾਣ ਹੋਈ ਹੈ, ਇਸਦਾ ਰਸ ਨਾਂ ਕਦੇ ਘਟਿਆ ਹੈ ਤੇ ਨਾਂ ਹੀ ਕਦੇ ਖਤਮ ਹੋਇਆ ਹੈ। ਪ੍ਰਭੂ ਨਾਲ ਜੁੜਨ ਦੇ ਕਈ ਤਰੀਕੇ ਜੋ ਲੋਕਾਂ ਨੇ ਵਰਤੇ ਯਾ ਵਰਤ ਰਹੇ ਹਨ, ਉਨ੍ਹਾਂ ਚੋਂ ਇਕ ਸਰਲ, ਤਰੀਕਾ- " ਅੰਮ੍ਰਿਤ ਵੇਲਾ ਸਚ ਨਾਉ ਵਡਿਆਈ ਵੀਚਾਰ"- ਮੈਨੂੰ ਸਭ ਤੋਂ ਅੰਨਦਮਈ ਲਗਦਾ ਹੈ ਕਿਉਂ ਕਿ ਮੈਂ ਹਰਿਮੰਦਰ ਸਾਹਿਬ ਤੋਂ ਰੋਜ਼ ਅੰਮ੍ਰਿਤ ਵੇਲੇ ਰਿਲੇ ਹੋਣ ਵਾਲੇ ਸ਼ਬਦ ਕੀਰਤਨ ਦੀ ਵੀਚਾਰ ਕਰਦਾ ਹਾਂ, ਸੋ ਹਰ ਰੋਜ਼ ਮੇਰੇ ਲਈ ਇਕ ਪ੍ਰੀਤੀਭੋਜ ਹੁੰਦਾ ਹੈ ਜਿਸ ਵਿੱਚ ਸਿੱਖ ਦੇ ਗੁਰੂ ਪਿਆਰ, ਗੁਰੂ ਦਾ ਸਿੱਖ ਲਈ ਪਿਆਰ, ਤੇ ਉਨ੍ਹਾਂ ਦੀ ਪ੍ਰਭੂ- ਜੋ ਸਾਡਾ ਮਾਤਾ-ਪਿਤਾ, ਪਤੀ, ਸਭ ਕੁਛ ਹੈ- ਨਾਲ ਸਾਂਝ ਦੇ ਨਿਤ ਨਵੇਂ ਨਵੇਂ ਸਵਾਦੀ ਭੋਜਨ ਮਿਲਦੇ ਹਨ।

ਅਰਦਾਸ ਤੋਂ ਪਹਿਲਾਂ ਪੜ੍ਹੀ ਜਾਣ ਵਾਲੀ ਬੇਨਤੀ ਦੀ ਪਉੜੀ ਅਸਾਂ ਅਨਗਿਣਤ ਬਾਰ ਪੜ੍ਹੀ, ਸੁਣੀ, ਗਾਈ ਤੇ ਵਿਚਾਰੀ ਹੋਵੇਗੀ, ਪਰ ਅੱਜ ਸ਼ਬਦ ਰੂਪ ਵਿੱਚ ਜਦੋਂ ਇਸਦਾ ਗਾਇਨ ਕੀਤਾ ਗਾਇਆ ਤਾਂ ਇਸ ਅੰਦਰੋਂ ਬੜੇ ਕਮਾਲ ਦੇ ਤਰੀਕੇ ਨਾਲ ਇੱਕ ਸ਼ਰਧਾਲੂ ਦੀ ਪ੍ਰਭੂ ਨਾਲ ਸਾਂਝ ਦੀ **dignity**, ਪ੍ਰਭੂ ਸੰਗ ਹੋਣ ਦੇ ਅਹਿਸਾਸ ਦਾ ਅਨੰਦ ਤੇ ਪ੍ਰਭੂ ਤੋਂ ਕਦੇ ਨਾ ਵਿਛੜਨ ਦੀ ਚਾਹਤ ਉਭਰ ਕੇ ਪ੍ਰਗਟ ਹੋਏ। ਆਉ ਗਹੁ ਨਾਲ ਸ਼ਬਦ ਵੇਖੀਏ:

ਤੂ ਠਾਕੁਰ ਤੁਮ ਪਹਿ ਅਰਦਾਸਿ ॥ ਜੀਉ ਪਿੰਡ ਸਭੁ ਤੇਰੀ ਰਾਸਿ ॥
ਤੁਮ ਮਾਤਪਿਤਾ ਹਮ ਬਾਰਿਕ ਤੇਰੇ। ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥
ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥
ਤੁਮਰੀ ਗਤਿ ਮਿਤਿ ਤੁਮਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥

ਰਾਗੀ ਜਥੇ ਨੇ ਸ਼ਬਦ ਦਾ ਅਧਾਰ ਬਣਾਇਆ ਸੀ ਇਸ ਤੁਕ ਨੂੰ-" ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ" ਮੈਂ ਯਾਦ ਕਰਨ ਲਗਾ ਅਨੇਕਾਂ ਸੁਖਾਂ ਨੂੰ ਜੋ ਪ੍ਰਭੂ ਕਿਰਪਾ ਸਦਕਾ ਮੈਂ ਅਸਲੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਮਾਣੇ ਸਨ। ਹਾਲਾਂਕਿ ਅਸੀ ਕਹਿੰਦੇ ਹਾਂ " ਦੂਖ-ਸੂਖ ਇਸ ਮਨ ਕੀ ਬਿਰਥਾ"-ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਪ੍ਰਭੂ ਤੋਂ ਪ੍ਰਾਪਤ ਸਹਿਜ ਨਾ ਕੇਵਲ ਭਗਤੀ ਲਈ ਸਹਾਈ ਹੈ ਵਰਨਾ ਨਾਲ ਹੀ ਅਨੰਦ ਵੇਲੇ ਸੁਖ ਸ਼ਾਤੀ ਮਾਨਣ ਤੇ ਦੁਖ ਵੇਲੇ ਭਾਣਾ ਮਨੰਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਇਹ ਸੋਝੀ ਬਖ਼ਸ਼ ਕੇ ਕਿ ਸਾਰਾ ਕੁਝ ਸਾਡੇ ਪਿਆਰੇ ਦੇ ਪਿਆਰ ਦਾ ਰੂਪ ਹੈ। ਜਦੋਂ ਅਸੀਂ ਕਹਿੰਦੇ ਹਾਂ- ਤੂੰ ਠਾਕੁਰ ਤੁਮ ਪਹਿ ਅਰਦਾਸਿ- ਤਾਂ ਅਸੀਂ ਆਪਣੇ ਆਪਨੂੰ ਪੂਰਨ ਲਾਚਾਰੀ ਦੀ ਹਾਲਾਤ ਵਿੱਚ ਮਹਿਸੂਸ ਕਰਦਿਆਂ ਇੱਕ ਗੁਲਾਮ ਬਣ ਕੇ ਮਾਲਕ ਅੱਗੇ ਤਨ ਮਨ ਰੱਖ ਕੇ ਜੋਦੜੀਆਂ ਕਰ ਰਹੇ ਹੁੰਦੇ ਹਾਂ।

ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਨਾਲ ਪਿਉ-ਪੁਤ੍ਰ ਦੀ ਸਾਂਝ ਤੇ ਮਾਲਕ ਅੱਗੇ ਗੁਲਾਮ ਦਾ ਪੂਰੀ ਤਰ੍ਹਾਂ ਢਹਿਣਾ, ਇਨ੍ਹਾਂ ਦੁਹਾਂ ਨੂੰ ਬਕਮਾਲ ਤਰੀਕੇ ਨਾਲ ਓਤ-ਪੋਤ ਕਰ ਕੇ ਜੋ ਸੁਆਦ ਪੈਦਾ ਕੀਤਾ ਹੈ ਉਸਨੂੰ ਮਾਨਣਾ ਚਾਹੀਦਾ ਹੈ। ਦੂਜੇ ਲਫਜਾਂ ਵਿੱਚ, ਇਕ ਪਾਸੇ ਮਾਲਕ ਅੱਗੇ ਗੁਲਾਮ ਦਾ ਪੂਰਨ ਸਮਰਪਣ ਹੈ ਤੇ ਦੂਜੇ ਪਾਸੇ ਇੱਕ ਬੱਚੇ ਦੇ ਪਿਆਰ ਭਰੀ ਤੜਪ ਹੈ-ਮਾਂ-ਪਿਉ ਦੀ ਸੁਰਖਿਆ ਦੀ ਛਾਂ ਲਈ।ਗੁਰੂ ਸਾਹਿਬ ਆਖਦੇ ਹਨ-ਤੁਮ ਮਾਤ ਪਿਤਾ ਹਮ ਬਾਰਿਕ ਤੇਰੇ, ਇਸ ਕਾਰਣ ਮੈਂ ਬੇਅੰਤ ਸੁਖੀ ਹਾਂ " ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ"।

ਕੋਈ ਕਦੇ ਵੀ ਪ੍ਰਭੂ ਦੀ ਬਿਅੰਤਤਾ ਦਾ ਅੰਤ ਨਹੀਂ ਪਾ ਸਕਦਾ, ਇਸ ਲਈ ਗੁਰੂ ਸਾਹਿਬ ਆਖਦੇ ਹਨ- "ਕੋਇ ਨ ਜਾਨੈ ਤੁਮਰਾ ਅੰਤ" ਕਿਉਂ ਕਿ ਤੂੰ (ਊਚੇ ਤੇ ਊਚਾ) ਆਉ, ਗੁਰੂ ਨਾਨਕ ਦੇਵ ਜੀ ਦੇ ਬਚਨਾਂ ਨੂੰ ਵੀਚਾਰੀਏ -ਜਿਸ ਨੋ ਬਖਸ਼ੇ ਸਿਫਤਿ ਸਾਲਾਹ ॥ ਨਾਨਕ ਪਤਿਸ਼ਾਹੀ ਪਾਤਿਸ਼ਾਹੁ" (ਜਪੁ ਜੀ ਸਾਹਿਬ)- ਪ੍ਰਭੂ ਜਿਸ ਨੂੰ 'ਅਪਣੀ ਸਿਫਤਿ ਸਲਾਹ ਕਰਨ ਦੀ ਦਾਤ ਬਖਸ਼ਦਾ ਹੈ ਉਹ ਬੰਦਾ ਮਹਾਰਾਜਿਆਂ ਦਾ ਮਹਾਰਾਜਾ ਬਣ ਜਾਂਦਾ ਹੈ। ਗੁਰੂ ਸਾਹਿਬ ਸਾਨੂੰ ਪ੍ਰਭੂ ਦੀ ਵਡਿਆਈ ਕਰਨ ਦੀ ਜਾਚ ਇਸ ਤਰ੍ਹਾਂ ਸਿਖਾਂਦੇ ਹਨ ਕਿ ਸਾਡੇ ਅੰਦਰ ਪ੍ਰਭੂ ਦੀ ਮਹਾਨਤਾ ਵਸ

ਜਾਏ। ਇਸੇ ਭਾਵਨਾ ਨੂੰ 'ਆਸਾ ਦੀ ਵਾਰ' ਦੀ 18ਵੀਂ ਪਉੜੀ ਵਿੱਚ ਇਸ ਤਰ੍ਹਾਂ ਦਰਜ ਕੀਤਾ ਗਇਆ ਹੈ :

ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡੀਆਈਆ ॥
ਸਹਿ ਮੇਲੇ ਤਾ ਨਦਰੀ ਆਈਆ ॥ ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥
ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥
ਸਹਿ ਤੁਠੈ ਨਉ ਨਿਧੀ ਪਾਈਆ ॥

(ਵਡੇ ਸਤਿਗੁਰੂ ਨੂੰ ਹੋਰ ਵਡਾ ਕਰੇ ਕੇ ਸਲਾਹੁਣਾ ਚਾਹੀਦਾ ਹੈ ਕਿਉਂ ਕਿ ਸਤਿਗੁਰੂ ਅੰਦਰ ਵਡੇ-ਵਡੇ ਗੁਣ ਹਨ। ਪ੍ਰਭੂ ਕਿਰਪਾ ਸਦਕਾ ਗੁਰੂ ਨੂੰ ਮਿਲਨ ਤੇ ਹੀ ਸਾਨੂੰ ਇਨ੍ਹਾਂ ਗੁਣਾਂ ਦਾ ਅਹਿਸਾਸ ਹੁੰਦਾ ਹੈ। ਫਿਰ ਜਦੋਂ ਗੁਰੂ ਕਿਰਪਾ ਕਰ ਕੇ ਸਾਡੇ ਮਥੇ ਤੇ ਅਪਣਾ ਕਿਰਪਾ ਭਰਿਆ ਹੱਥ ਰੱਖਦੇ ਹਨ ਤਾਂ ਸਾਡੀਆਂ ਬੁਰਿਆਈਆਂ ਨੂੰ ਹੁਕਮ ਦੇ ਕੇ ਬਾਹਰ ਕਢ ਦੇਂਦੇ ਹਨ)

ਗੁਰੂ ਸਾਹਿਬ ਸਾਡੇ ਅੱਗੇ ਪ੍ਰਭੂ ਦਾ ਇੱਕ ਹੋਰ ਕਮਾਲ ਪੇਸ਼ ਕਰਦੇ ਹਨ -" ਪ੍ਰਭੂ ਸਾਰੀ ਦੁਨੀਆ ਦਾ ਸੂਤ੍ਰਧਾਰ ਤੂੰ ਹੈ, ਸਾਰਾ ਕੁਝ ਤੇਰੇ ਕੰਟਰੋਲ 'ਚ ਹੋ ਰਿਹਾ ਹੈ ਤੇ ਤੇਰੀ ਹੀ ਆਗਿਆ ਸਭ ਥਾਂ ਚਲ ਰਹੀ ਹੈ। ਅਸੀ ਕਈ ਵਾਰ ਇਹ ਅਨੁਭਵ ਕੀਤਾ ਹੋਵੇਗਾ ਅਪਨੇ ਜੀਵਨ ਅੰਦਰ ਕਿ ਜੋ ਹੁੰਦਾ ਹੈ ਉਹ ਪ੍ਰਭੂ ਦੇ ਭਾਣੇ ਅੰਦਰ ਹੀ ਹੈ। ਅਸੀਂ ਕਦੇ ਪਲੈਨ ਕਰਦੇ ਹਾਂ ਸਜੇ ਪਾਸੇ ਜਾਵਾਂਗੇ ਪਰ ਜਾਣਾ ਖੱਬੇ ਪਾਸੇ ਪੈਦਾ ਹੈ, ਸਾਡੀ ਸਿਆਣਪ ਨਹੀਂ ਚਲਦੀ-"ਮਤਾ ਕਰੇ

ਅੰਤ ਵਿੱਚ ਗੁਰੂ ਸਾਹਿਬ ਕਹਿੰਦੇ ਹਨ-"ਤੁਮਰੀ ਗਤਿ ਮਿਤਿ ਤੁਮ ਹੀ ਜਾਨੀ" ਪ੍ਰਭੂ ਜੀਉ, ਆਪਣੀ ਵਡਿਆਈ ਆਪਦੀ ਮਿਤਿ, ਕੇਵਲ ਆਪ ਹੀ ਜਾਣਦੇ ਹੋ, ਮੈਂ ਤਾਂ ਸਦੈਵ ਆਪ ਤੋਂ ਸਦਕੇ ਜਾਂਦਾ ਹਾਂ"- ਤੇ ਸਾਡੇ ਤੋਂ ਵੀ ਇਹੀ ਆਸ ਕਰਦੇ ਹਨ ਕਿ ਅਸੀਂ ਵੀ ਹਰ ਵੇਲੇ ਪ੍ਰਭੂ ਤੋਂ ਬਲਿਹਾਰ ਜਾਈਏ। ਸੰਖੇਪ ਵਿੱਚ ਸਾਨੂੰ, ਪ੍ਰਭੂ ਅੱਗੇ ਪੂਰੀ ਤਰ੍ਹਾਂ ਢਹਿ ਕੇ ਰਹਿਣਾ ਚਾਹੀਦਾ ਹੈ ਕਿਉਂ ਕਿ ਉਹ ਸਾਡਾ ਸੱਚਾ ਮਾਤਾ-ਪਿਤਾ ਹੈ, ਉਸ ਨੇ ਸਾਡੀ ਸੁਰਖਿਆ ਕਰਨੀ ਹੈ, ਨਾਲ ਹੀ ਉਹ ਅੰਤਰਜਾਮੀ ਹੈ, ਕਰਣ-ਕਾਰਣ ਸਮਰਥ ਹੈ, ਸੁ ਉਸਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਬਣਦਾ ਹੈ ਤੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਕਦੇ ਵੀ ਉਸਦਾ ਅੰਤ ਨਹੀਂ ਪਾ ਸਕਦੇ।

ਇਸ ਤੋਂ ਬਾਅਦ ਹੇਠਲਾ ਸ਼ਬਦ ਆਇਆ, (ਜਿਵੇਂ ਤਰਤੀਬ ਵਿੱਚ ਹੋਣ) ਉਸ ਵਿੱਚ ਪ੍ਰਭੂ ਦੀ ਮਹਾਨਤਾ ਤੇ ਸਾਡੇ ਛੋਟੇਪਨ ਦਾ ਸੁੰਦਰ ਚਿਤ੍ਰਣ ਹੈ :

" ਹੇ ਗੋਬਿੰਦ ਹੇ ਗੋਪਾਲ, ਹੇ ਦਇਆਲ ਲਾਲ ॥ "

ਜੇ ਅਸੀਂ ਚਾਹੁੰਦੇ ਹਾਂ ਕਿ ਪਹਿਲੇ ਸ਼ਬਦ ਵਿੱਚ ਦਸੀ ਅਰਦਾਸ ਦੀ ਜਾਚ ਸਾਨੂੰ ਆ ਜਾਏ ਤਾਂ ਸਾਨੂੰ ਇਸ ਤਰ੍ਹਾਂ ਜੋਦੜੀ ਕਰਨੀ ਚਾਹੀਦੀ ਹੈ

- ਐ ਮੇਰੇ ਪ੍ਰਭੂ, ਮੇਰੀ ਰੱਖਿਆ ਕਰਨ ਵਾਲੇ, ਰਹਿਮਦਿਲ ਮੇਰੇ ਪਿਆਰੇ
- ਮੇਰੇ ਜੀਵਨ ਦੇ ਮਾਲਕ, ਆਪ ਪੂਰੀ ਤਰ੍ਹਾਂ ਲਾਚਾਰ ਦੇ ਸਹਾਇਕ ਹੋ
- ਇਸ ਨੀਚ ਦਾ ਦੁਖ ਦੂਰ ਕਰੋ
- ਹੇ ਪਰੀਪੂਰਣ ਪਰਮਾਤਮਾ ਆਪ ਅਗੰਮ ਅਗੋਚਰ ਹੋ, ਪਰ ਫਿਰ ਪੀ ਪੂਰਨ ਹੋ।
- ਮੈ ਮਾਂਇਆ ਵਿੱਚ ਫਸਿਆ ਹੋਇਆ ਹਾਂ।
- ਮੈਨੂੰ ਇਸ ਮਾਇਆ ਦੇ ਹਨੇਰੇ ਖੂਹ ਚੋਂ ਕਢ ਲਵੋ।

ਜਿਸ ਨੇ ਕਦੇ ਅੰਮ੍ਰਿਤ ਵੇਲੇ ਦੀ ਕਿਰਪਾ ਨਹੀਂ ਮਾਣੀ ਤੇ ਕਦੇ ਅੰਮ੍ਰਿਤ ਵੇਲੇ ਵਡਿਆਈ ਵੀਚਾਰ ਦੀ ਮਹਿਮਾ ਨਾ ਵਿਚਾਰੀ ਹੋਵੇ, ਉਸਨੂੰ ਇਹ ਪਤਾ ਲਗ ਹੀ ਨਹੀਂ ਸਕਦਾ ਕਿ ਉਸੇ ਸ਼ਬਦ ਨੂੰ ਅੰਮ੍ਰਿਤ ਵੇਲੇ ਤੇ ਹੋਰ ਕਿਸੇ ਵੇਲੇ ਸੁਣ ਕੇ, ਪ੍ਰਭੂ ਦੀ ਹਜ਼ੂਰੀ ਮਾਨਣ ਵਿੱਚ ਕੀ ਫਰਕ ਹੁੰਦਾ ਹੈ।

ਆਉਂ, ਇੱਕ ਵਾਰ ਫੇਰ ਗੁਰੂ ਸਾਹਿਬਾਂ ਦੇ ਆਸ਼ਵਾਸਨਾਂ ਨੂੰ ਯਾਦ ਕਰੀਏ -

" ਬਾਬੀਹਾ ਅੰਮ੍ਰਿਤ ਵੇਲੇ ਬੋਲਿਆ, ਤਾਂ ਦਰਿ ਸੁਣੀ ਪੁਕਾਰ ॥ - ਗੁਰੂ ਅਮਰ ਦਾਸ ਜੀ
" ਝਾਲਾਗੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥
ਕਾਗੁ ਤੁਝੈ ਨ ਬਿਆਪਈ,ਨਾਨਕ ਮਿਟੈ ਉਪਾਧਿ - ਗੁਰੂ ਅਰਜਨ ਦੇਵ ਜੀ

ਰੂਪਾਤਰ : ਰਮੇਸ਼ ਸਿੰਘ ਜਮਸ਼ੇਦਪੁਰ

# 52ਵੀਂ ਬਰਸੀ ਦੇ ਸਲਾਨਾ ਯੱਗ ਸਮਾਗਮ ਸਫਲਤਾਪੂਰਵਕ ਸੰਪੰਨ

ਟਿਕਾਣਾ ਭਾਈ ਜਗਤਾ ਜੀ ਸਾਹਿਬ ਦੇ ਸੰਸਥਾਪਕ 108 ਮਹੰਤ ਭਾਈ ਗੁਲਾਬ ਸਿੰਘ ਜੀ ਦੀ 52ਵੀਂ ਬਰਸੀ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਵਿਖੇ 18, 19 ਅਤੇ 20 ਅਪ੍ਰੈਲ ਮੁਤਾਬਿਕ 6, 7 ਅਤੇ 8 ਵੈਸਾਖ ਨੂੰ ਬੜੇ ਪ੍ਰੇਮ, ਸ਼ਰਧਾ ਤੇ ਉਤਸਾਹ ਨਾਲ ਮਨਾਈ ਗਈ। 18 ਅਪ੍ਰੈਲ ਨੂੰ ਰੱਖੇ 21 ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਇਕੱਠੇ ਹੀ 20 ਅਪ੍ਰੈਲ ਨੂੰ ਸਵੇਰੇ 9 ਵਜੇ ਪਾਏ ਗਏ। 3 ਦਿਨ ਲਗਾਤਾਰ ਗੁਰਬਾਣੀ ਦੀ ਕਥਾ ਤੇ ਕੀਰਤਨ ਦੀ ਵਰਖਾ ਹੁੰਦੀ ਰਹੀ। ਜਿਸ ਵਿੱਚ ਸਿੱਖ ਧਰਮ ਦੇ ਮਹਾਨ ਕੀਰਤਨੀ ਜੱਥਿਆਂ, ਕਵੀਆਂ, ਢਾਡੀਆਂ ਤੇ ਕਵੀਸਰਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ।

**ਰਾਗੀ ਤੇ ਪ੍ਰਚਾਰਕ :** ਕੀਰਤਨੀ ਜੱਥਿਆਂ ਵਿੱਚ ਭਾਈ ਸਰਬਜੀਤ ਸਿੰਘ ਦੁਰਗ, ਬੀਬੀ ਸੁਖਮਿੰਦਰ ਕੌਰ ਖਾਲਸਾ ਯਮੁਨਾਨਗਰ, ਭਾਈ ਪ੍ਰੀਤਮ ਸਿੰਘ ਮਿੱਠਾ ਟਿਵਾਣਾ (ਹੁਸ਼ਿਆਰਪੁਰ), ਭਾਈ ਜਸਬੀਰ ਸਿੰਘ ਪਾਂਧੀ, ਭਾਈ ਹਰਜਿੰਦਰ ਸਿੰਘ ਖਰੜ, ਭਾਈ ਕਰਨੈਲ ਸਿੰਘ ਹਰਜੀਤ ਸਿੰਘ ਬਠਿੰਡਾ, ਭਾਈ ਗੁਰਬਖਸ਼ ਸਿੰਘ ਮੁਕਤਸਰ , ਭਾਈ ਗੁਰਦਿਆਲ ਸਿੰਘ ਹਜੂਰੀ ਕਥਾਕਾਰ, ਹਜੂਰੀ ਰਾਗੀ ਸੰਤ ਹਰਪਾਲ ਸਿੰਘ ਤੇ ਅਜੀਤ ਸਿੰਘ ਟਿਕਾਣਾ ਭਾਈ ਜਗਤਾ ਜੀ ਸਾਹਿਬ, ਨੇ ਰਸ ਭਿੰਨੇ ਕੀਰਤਨ ਤੇ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

**ਢਾਡੀ ਤੇ ਕਵੀਸ਼ਰ :** ਜੱਥੇਦਾਰ ਨੰਦ ਸਿੰਘ ਬੱਗੜ,ਗੁਰਦੇਵ ਸਿੰਘ ਮਾਨ, ਸ. ਮੁਖਤਿਆਰ ਸਿੰਘ ਮੜੈਲ, ਸ. ਪ੍ਰੀਤਮ ਸਿੰਘ, ਸ੍ਰੀ ਸੁੰਦਰ ਲਾਲ ਜੀਂਦ ਵਾਲੇ ਆਦਿ ਢਾਡੀ ਜੱਥਿਆਂ ਤੇ ਕਵੀਆਂ ਨੇ ਗੁਰੂ ਇਤਿਹਾਸ ਸੁਣਾ ਕੇ ਤੇ ਕਵੀਆਂ ਨੇ ਆਪਣੀਆਂ ਕਵਿਤਾਵਾਂ ਦੁਆਰਾ ਮਹੰਤ ਭਾਈ ਗੁਲਾਬ ਸਿੰਘ ਜੀ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ।

**ਸੰਤ-ਮਹੰਤ :** ਇਸ ਸ਼ੁਭ ਅਵਸਰ ਤੇ ਮਹੰਤ ਹਰਨਾਮ ਸਿੰਘ ਜੀ (ਸੇਵਾ ਪੰਥੀ) ਕਲਾਨੌਰ, ਸੰਤ ਧਰਮ ਸਿੰਘ ਜੀ ਮਲੋਟ, ਮਹੰਤ ਮਹਿੰਦਰ ਸਿੰਘ ਦਿੱਲੀ ਵਾਲੇ, ਸੰਤ ਜਗਮੋਹਨ ਸਿੰਘ ਯਮੁਨਾਨਗਰ, ਸੰਤ ਪੂਰਨ ਸਿੰਘ ਕੋਟਕਪੂਰਾ, ਸੰਤ ਪ੍ਰੀਤਮ ਸਿੰਘ ਨਵੀਂ ਬਸਤੀ ਗੋਨਿਆਣਾ ਮੰਡੀ, ਸੰਤ ਭੁਪਿੰਦਰ ਸਿੰਘ ਸੇਵਾ ਪੰਥੀ ਤੇ ਹੋਰ ਸਾਧੂ ਮਹਾਂਪੁਰਸ਼ਾਂ ਨੇ ਦਰਸ਼ਨ ਦੀਦਾਰ ਦਿੱਤੇ ਅਤੇ ਮਹਾਂਪੁਰਖਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ।

**ਸਟੇਜ ਸਕੱਤਰ ਦੀ ਸੇਵਾ :** ਸਟੇਜ ਸਕੱਤਰ ਦੀ ਸੇਵਾ ਸ਼੍ਰੀਮਾਨ ਸੰਤ ਭਾਈ ਕਾਹਨ ਸਿੰਘ ਜੀ 'ਸੇਵਾ ਪੰਥੀ', ਸ੍ਰ: ਜੋਗਿੰਦਰ ਸਿੰਘ 'ਸਾਗਰ' ਨੇ ਬੜੇ ਸੁਚੱਜੇ ਢੰਗ ਨਾਲ ਨਿਭਾਈ।

**ਯੂਨਿਟਾਂ ਵੱਲੋਂ ਸੇਵਾ :** ਭਾਈ ਘਨੱਈਆਂ ਸੇਵਾ ਸੁਸਾਇਟੀ ਯੂਨਿਟ ਕੋਟਕਪੂਰਾ ਨੇ ਚਾਹ ਦੇ ਲੰਗਰ ਦੀ ਸੇਵਾ, ਭਾਈ ਘਨੱਈਆਂ ਸੇਵਾ ਸੁਸਾਇਟੀ ਯੂਨਿਟ ਮਲੋਟ ਵੱਲੋਂ ਠੰਢੇ-ਮਿੱਠੇ ਜਲ ਦੀ ਛਬੀਲ ਦੀ ਸੇਵਾ, ਭਾਈ ਘਨੱਈਆਂ ਸੇਵਾ ਸੁਸਾਇਟੀ ਯੂਨਿਟ ਜੈਤੋ, ਗੋਨਿਆਣਾ ਵੈਲਫੇਅਰ ਕਲੱਬ, ਭਗਤ ਰਵਿਦਾਸ ਸੁਸਾਇਟੀ ਗੋਨਿਆਣਾ ਵੱਲੋਂ ਲੰਗਰ ਛਕਾਉਣ ਦੀ ਸੇਵਾ, ਭਾਈ ਘਨੱਈਆਂ ਸੇਵਾ ਦਲ ਗੋਨਿਆਣਾ ਵੱਲੋਂ ਜੋੜਿਆਂ ਦੀ ਸੇਵਾ, ਸ੍ਰੀ ਗੁਰੂ ਅਮਰਦਾਸ ਇਸਤਰੀ ਸਤਿਸੰਗ ਸਭਾ, ਭਾਈ ਜਗਤਾ ਜੀ ਹਾਈ ਸਕੂਲ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਵੱਲੋਂ ਸਬਜ਼ੀਆਂ ਕੱਟਣ ਤੇ ਪ੍ਰਸ਼ਾਦੇ ਪਕਾਉਣ ਦੀ ਸੇਵਾ ਆਦਰਸ਼ਕ ਰੂਪ ਵਿੱਚ ਨਿਭਾਈ ਗਈ।

ਸੰਪਾਦਕ

# ਸੇਵਾ ਦਾ ਆਦਰਸ਼

ਗੁਰਕਿਰਪਾਲ ਸਿੰਘ ਐਡਵੋਕੇਟ(ਬਠਿੰਡਾ)

ਸਿੱਖੀ ਦਾ ਗੁਰਮਤਿ ਸਿਧਾਂਤ ਮੂਲ ਰੂਪ ਵਿੱਚ ਦੋ ਪ੍ਰਮੁੱਖ ਥੰਮ੍ਹਾਂ ਤੇ ਖੜ੍ਹਾ ਹੈ, ਸੇਵਾ ਅਤੇ ਸਿਮਰਨ, ਜੇਕਰ ਦੀਘਰਤਾ ਨਾਲ ਵਾਚਨ ਦਾ ਯਤਨ ਕਰੀਏ ਤਾ ਬਹੁਤ ਹੀ ਸਪਸ਼ਟ ਤਸਵੀਰ ਸਾਡੇ ਸਾਹਮਣੇ ਆ ਜਾਵੇਗੀ ਕਿ ਸਤਿਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਸਮੁੱਚੇ ਜੀਵਨ ਦੇ ਮਾਨਵਤਾ ਨੂੰ ਤਾਰਨ ਲਈ ਕੀਤੇ ਅਨੇਕਾਂ ਕਾਰਜਾਂ ਵਿੱਚ ਸੇਵਾ ਤੇ ਸਿਮਰਨ ਨੂੰ ਹੀ ਸੱਭ ਤੋਂ ਵੱਧ ਮਹਤੱਤਾ ਦਿੱਤੀ ਹੈ । ਸਤਿਗੁਰੂ ਨਾਨਕ ਪਾਤਸ਼ਾਹ ਨੇ ਜਿਸ ਪ੍ਰਕਾਰ ਭਾਈ ਭਿੱਖੇ ਕੋਹੜੀ ਦੀ ਆਪਣੇ ਹੱਥੀ ਇਸ਼ਨਾਨ ਕਰਵਾਕੇ, ਪ੍ਰੇਮ ਪਿਆਰ ਨਾਲ ਸੇਵਾ ਕੀਤੀ, ਅਤੇ ਉਸਦਾ ਕੋਹੜ ਰੋਗ ਦੂਰ ਕੀਤਾ ਇਹ ਸਿੱਖਾਂ ਲਈ ਨਿਸ਼ਕਾਮ ਸੇਵਾ ਦਾ ਆਦਰਸ਼ ਸੀ, ਜਿਸ ਮਨੁੱਖ ਨੂੰ ਉਸਦੇ ਰੋਗ ਕਾਰਨ ਸਾਰੇ ਪਿੰਡ ਦੇ ਲੋਕ ਉਸਨੂੰ ਨਫਰਤ ਕਰਦੇ ਸਨ, ਪਰ ਨਾਨਕ ਪਾਤਸ਼ਾਹ ਨੇ ਨਫਰਤ ਦੀ ਬਜਾਏ ਸੇਵਾ ਦਾ ਆਦਰਸ਼ ਦੇ ਕੇ ਮਨੁੱਖਤਾ ਦੀ ਭਲਾਈ ਵੱਲ ਲੋਕਾਈ ਨੂੰ ਤੋਰਿਆ ।

ਸਤਿਗੁਰੂ ਨਾਨਕ ਪਾਤਸ਼ਾਹ ਦੇ ਸਾਹਮਣੇ ਜਦੋਂ ਗੁਰਗੱਦੀ ਦਾ ਵਾਰਿਸ ਚੁਨਣ ਦਾ ਮੌਕਾ ਆਇਆ ਤਦ ਵੀ ਨਾਨਕ ਪਾਤਸ਼ਾਹ ਨੇ ਸਿੱਖੀ ਦੇ ਇਸ ਪ੍ਰਮੁੱਖ ਅਤੇ ਅਹਿਮ ਆਦਰਸ਼ ਨੂੰ ਸਾਹਮਣੇ ਰੱਖਦੇ ਹੋਏ ਹੀ ਚੋਣ ਕੀਤੀ ਅਸੀਂ ਸੱਭ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਕਿਵੇਂ ਭਾਈ ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਸਤਿਗੁਰੂ ਨਾਨਕ ਪਾਤਸ਼ਾਹ ਵਲੋਂ ਲਈਆਂ ਸਭੇ ਪ੍ਰੀਖਿਆਵਾਂ ਵਿੱਚ ਪੂਰੇ ਉਤਰੇ ਜਦੋਂ ਕਿ ਉਹਨਾਂ ਦੇ ਦੋਨੋ ਸਪੁੱਤਰ ਇਸ ਕਸਵੱਟੀ ਤੇ ਪੂਰੇ ਨਾ ਉਤਰ ਸਕੇ, ਇਸ ਸਮੁੱਚੀ ਪੀ੍ਖਿਆ ਦਾ ਮੂਲ ਤੱਤ ਸੇਵਾ ਹੀ ਸੀ ਕਿਉਂ ਕਿ ਸਤਿਗੁਰਾਂ ਨੇ ਬਾਣੀ ਵਿੱਚ ਵੀ ਇਸ ਨੂੰ ਇਉਂ ਸਪਸ਼ਟ ਕੀਤਾ ਹੈ :

"ਹਰਿ ਕਾ ਸੇਵਕੁ ਸੋ ਹਰਿ ਜੇਹਾ
ਭੇਦੁ ਨ ਜਾਣਹੁ ਮਾਣਸ ਦੇਹਾ ॥

ਇਸੇ ਸੇਵਾ ਦੇ ਆਦਰਸ਼ ਨੂੰ ਲੈ ਕੇ ਹੀ ਦੂਜੇ ਨਾਨਕ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੀ ਨਾਨਕ ਦੀ ਗੱਦੀ ਦਾ ਵਾਰਿਸ ਚੁਣਦੇ ਸਮੇਂ ਫਿਰ 'ਸੇਵਾ' ਨੂੰ ਹੀ ਪ੍ਰਮੁੱਖਤਾ ਦਿੱਤੀ । ਸ੍ਰੀ ਗੁਰੂ ਅੰਗਦ ਦੇਵ ਜੀ ਭਾਵੇ ਰਿਸ਼ਤੇ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਦੇ ਕੁੜਮ ਸਨ (ਭਤੀਜੇ ਦੇ ਸਹੁਰੇ) ਅਤੇ ਉਮਰ ਵਿੱਚ ਵੀ ਗੁਰੂ ਅਮਰਦਾਸ ਜੀ ਕਈ ਸਾਲ ਵੱਡੇ ਸਨ, ਪਰ ਫਿਰ ਵੀ ਕਈ ਸਾਲ ਲਗਾਤਾਰ ਨੌਂ ਕਿਲੋਮੀਟਰ ਦਾ ਪੈਂਡਾ ਪੈਦਲ ਸਿਰ ਤੇ ਗਾਗਰ ਚੁੱਕੀ ਤਹਿ ਕਰਦੇ ਅਤੇ ਦਰਿਆ ਦਾ ਪਾਣੀ ਲਿਆ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਉਂਦੇ, ਇਹ ਸੇਵਾ ਨਿਭਾਂਉਦੇ ਉਹਨਾਂ ਕਦੇ ਕੋਈ ਰਿਸ਼ਤੇ ਜਾਂ ਉਮਰ ਦਾ ਖਿਆਲ ਨਹੀਂ ਸੀ ਰੱਖਿਆ, ਅਖੀਰ ਉਹਨਾਂ ਦੀ ਇਸ ਨਿਸ਼ਕਾਮ ਸੇਵਾ ਸਦਕਾ ਹੀ ਨਾਨਕ ਦੀ ਇਹ ਗੁਰਗੱਦੀ ਸ਼ੀ ਗੁਰੂ ਅਮਰ ਦਾਸ ਜੀ ਨੂੰ ਪ੍ਰਾਪਤ ਹੋਈ । ਵੱਡੀ ਉਮਰੇ ਇਸ ਸੇਵਾ ਰੂਪੀ ਤਪ ਨੇ ਹੀ ਉਹਨਾਂ ਨੂੰ ਇਸ ਮਹਾਨ ਪਦਵੀ ਤੇ ਬਿਰਾਜਮਾਨ ਕਰਵਾਇਆ, ਗੁਰਬਾਣੀ ਵਿੱਚ ਅੰਕਿਤ ਹੈ ।

" ਗੁਰੂ ਸੇਵਾ ਤਪਾਂ ਸਿਰਿ ਤਪੁ ਸਾਰੁ ॥"

ਦਸਮ ਪਾਤਸ਼ਾਹ ਤੱਕ ਨਾਨਕ ਦੀ ਇਸ ਗੁਰਗੱਦੀ ਦਾ ਵਾਰਿਸ਼ ਚੁਨਣ ਸਮੇਂ, ਜਿਥੇ ਸੇਵਾ ਨੂੰ ਆਦਰਸ਼ ਮਨਿਆ ਗਿਆ ਉਥੇ ਇਹ ਪ੍ਰਮੁੱਖ ਸਿਧਾਂਤ ਵੀ ਸਪਸ਼ਟ ਤਹਿ ਕਰ ਦਿੱਤਾ ਗਿਆ ਕਿ ਧਰਮ ਦਾ ਪ੍ਰਚਾਰ ਕਰਨ ਵਾਲੇ ਮਹਾਂ ਪੁਰਖਾਂ ਲਈ ਕਦੇ ਕੋਈ ਛੋਟੀ ਜਾਂ ਵੱਡੀ ਉਮਰ, ਛੋਟਾ ਜਾ ਵੱਡਾ ਰੁਤਬਾ, ਛੋਟਾ ਜਾ ਵੱਡਾ ਰਿਸ਼ਤਾ ਰੁਕਾਵਟ ਨਹੀ ਬਣ ਸਕਦਾ ਸਗੋਂ ਗੱਦੀ ਤੇ ਹੱਕ ਉਸਦਾ ਹੀ ਬਣਦਾ ਹੈ ਜੋ ਇਸਨੂੰ ਚਲਾਉਣ ਦੀ ਕਾਬਲੀਅਤ ਰੱਖਦਾ ਹੋਵੇ, ਗੁਰ ਸਿਧਾਂਤਾਂ ਤੇ ਪੂਰਾ ਉਤਰਦਾ ਹੋਵੇ ਫਿਰ ਉਹ ਭਾਵੇ ੭ ਸਾਲ ਦੀ ਉਮਰ ਦਾ ਬਾਲ ਗੁਰੂ ਹੀ ਕਿਉਂ ਨਾ ਹੋਵੇ (ਸਹਿਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ) ਉਸਦੇ ਚਰਨਾਂ ਵਿੱਚ ਲੋਕਾਈ ਆਪੇ ਹੀ ਸੀਸ ਨਿਵਾਏਗੀ, ਕਿਉਂਕਿ ਅਧਿਆਤਮਕ ਖੇਤਰ ਵਿੱਚ ਚੋਣ ਹਮੇਸ਼ਾ ਗੁਣਾਂ ਅਤੇ ਕਾਬਲੀਅਤ ਦੇ ਆਧਾਰ ਤੇ ਹੀ ਹੁੰਦੀ ਹੈ, ਉਮਰ ਜਾਂ ਰੁਤਬਿਆਂ ਦੇ ਆਧਾਰ ਤੇ ਨਹੀ ।

ਹੁਣ ਸਵਾਲ ਇਹ ਉਠਦਾ ਹੈ ਕਿ ਸੇਵਾ ਕਿਹੜੇ ਢੰਗ ਨਾਲ ਕੀਤੀ ਜਾ ਸਕਦੀ ਹੈ ? ਸੇਵਾ ਦੇ ਅਨੇਕਾਂ ਢੰਗ ਹਨ ਹੁਣ ਤੱਕ ਸਿੱਖ ਧਰਮ ਵਿੱਚ ਆਮ ਤੌਰ ਤੇ ਸੇਵਾ ਜੋੜੇ ਝਾੜਨ ਦੀ, ਝਾੜੂ ਦੇਣ ਦੀ, ਪਾਣੀ (ਜਲ) ਦੀ ਸੇਵਾ, ਲੰਗਰ ਪਕਾਉਣ ਅਤੇ ਛਕਾਉਣ ਦੀ ਸੇਵਾ, ਜੂਠੇ ਭਾਂਡੇ ਮਾਂਜਣ ਅਤੇ ਧੋਣ ਦੀ ਸੇਵਾ, ਕੀਰਤਨ ਅਤੇ ਕਥਾ ਕਰਨ ਦੀ ਸੇਵਾ, ਨਾਮ ਸਿਰਨ ਨਾਲ ਲੋਕਾਈ ਨੂੰ ਜੋੜਨ ਦੀ ਸੇਵਾ, ਵਿੱਦਿਆ ਦਾ ਪਸਾਰ ਕਰਨ, ਵਿੱਦਿਆ ਦੇ ਪਾਸਾਰ ਲਈ ਕਾਲਜ ਸਕੂਲ ਉਸਾਰਨੇ, ਗੁਰਦੁਆਰਾ ਸਾਹਿਬਾਨ ਉਸਾਰਨੇ, ਰੋਗੀਆਂ ਅਤੇ ਦੁਖਿਆਰਿਆਂ ਲਈ ਹਸਪਤਾਲ ਬਨਾਉਣੇ ਯਤੀਮਾਂ ਅਤੇ ਅੰਗਹੀਣਾਂ ਨੂੰ ਸੰਭਾਲਣਾ ਆਦਿ ਸੇਵਾਵਾਂ ਨੂੰ ਪ੍ਰਮੁੱਖ ਪ੍ਰਮਾਣਤਾ ਦਿੱਤੀ ਜਾਂਦੀ ਹੈ । ਫਕੀਰ ਬੁੱਲ੍ਹੇ ਸ਼ਾਹ ਸੇਵਾ ਨੂੰ ਇਸ ਪ੍ਰਕਾਰ ਮਾਨਤਾ ਦਿੰਦੇ ਹਨ ।

" ਇਟ ਖੜ੍ਹਕੇ ਦੁਕੜ (ਤਬੱਲਾ) ਵੱਜੇ ਨਾਲੇ ਤੱਪੇ ਚੁੱਲ੍ਹਾ,
ਰੱਜ ਰੱਜ ਤੇਰੀਆਂ ਸੰਗਤਾਂ ਖਾਵਣ, ਰਾਜੀ ਹੋਵੇ ਬੁੱਲ੍ਹਾ ॥

ਸਮੇਂ ਸਮੇਂ ਤੇ ਹਾਲਾਤਾਂ ਮੁਤਾਬਕ ਕਈ ਵਾਰ ਵੱਖ-ਵੱਖ ਸੇਵਾਵਾਂ ਦਾ ਮਹੱਤਵ ਵੀ ਵੱਧਦਾ ਘੱਟਦਾ ਰਹਿੰਦਾ ਹੈ , ਪਰ ਕੁਝ ਸੇਵਾਵਾਂ ਅਜਿਹੀਆਂ ਹਨ ਜਿਨ੍ਹਾਂ ਦਾ ਮਹਤੱਵ ਸੈਕੜਿਆਂ ਸਾਲਾਂ ਬਾਅਦ ਵੀ ਉਸੇ ਪ੍ਰਕਾਰ ਰਹਿੰਦਾ ਹੈ । ਸਮੇਂ ਮੁਤਾਬਕ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਪਾਣੀ ਦੀ ਭਾਰੀ ਕਿਲੱਤ ਦੇ ਕਾਰਨ ਬਾਉਲੀ ਖੁਦਵਾਈ, ਸਰੋਵਰ ਬਣਾਏ ਤਾਂ ਕਿ ਇਕ ਪਾਸੇ ਪਾਣੀ ਦੀ ਕਿਲੱਤ ਦੂਰ ਹੋ ਸਕੇ ਦੂਜਾ ਜਾਤ-ਪਾਤ ਅਤੇ ਊਚ-ਨੀਚ ਦੇ ਭੇਦ-ਭਾਵ ਨੂੰ ਦੂਰ ਕੀਤਾ ਜਾ ਸਕੇ । ਇਸੇ ਪ੍ਰਕਾਰ ਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਛੇਹਰਟਾ ਸਾਹਿਬ ਦੀ ਸੇਵਾ ਕਰਵਾਈ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਰਸੇ ਦੇ ਇਲਾਕੇ ਵਿੱਚ ਪਾਣੀ ਦੇ ਯੋਗ ਪ੍ਰਬੰਧ ਲਈ ਸੈਕੰੜੇ ਮੋਹਰਾਂ ਖਰਚ ਕੇ ਸੇਵਾ ਕਰਵਾਈ ।

ਇਸੇ ਪ੍ਰਕਾਰ, ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਇੱਕ ਕੋਹੜੀ ਦੀ ਹੱਥਾਂ ਨਾਲ ਕੀਤੀ ਸੇਵਾ ਨੂੰ ਅੱਗੇ ਤੋਰਦੇ ਹੋਏ, ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਲਾਹੌਰ ਸ਼ਹਿਰ ਵਿੱਚ ਗਿਲਟੀ ਤਾਪ ਦੀ ਫੈਲੀ ਬੀਮਾਰੀ ਸਮੇਂ ਜਿਸ ਨਾਲ ਕਈ ਮੌਤਾਂ ਵੀ ਹੋ ਚੁੱਕੀਆਂ ਸਨ, ਗੁਰੂ ਜੀ ਨੇ ਗੱਲੀ-ਮੁੱਹਲਿਆਂ ਵਿੱਚ ਜਾਂ ਜਾਂ ਕੇ ਆਪਣੇ ਹੱਥੀ ਬੀਮਾਰ ਰੋਗੀਆਂ

ਦੀ ਦੇਖ-ਭਾਲ ਕੀਤੀ, ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੰਮੇਂ ਵੀ ਜੱਦੋਂ ਸ੍ਰੀ ਨਗਰ ਵਿਖੇ ਇੱਕ ਭਿਆਨਕ ਬੀਮਾਰੀ ਕਾਰਨ ਕਈ ਮੌਤਾਂ ਹੋਣੀਆਂ, ਸ਼ੁਰੂ ਹੋਈਆਂ ਤੱਦ ਸਤਿਗੁਰਾਂ ਨੇ ਆਪ ਉਥੇ ਪੁੱਜ ਕੇ ਹਥੀਂ ਬੀਮਾਰ ਰੋਗੀਆਂ ਦੀ ਸੇਵਾ ਕੀਤੀ। ਸੱਤਵੇਂ ਗੁਰੂ ਸਾਹਿਬ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨੇ ਕੀਰਤਪੁਰ ਸਾਹਿਬ ਵਿੱਖੇ ਪੱਕੇ ਤੌਰ ਤੇ ਇੱਕ ਦਵਾਖਾਨਾ ਸਥਾਪਿਤ ਕਰਵਾ ਦਿੱਤਾ ਸੀ, ਜਿਸ ਵਿੱਚ ਹਰ ਪ੍ਰਕਾਰ ਦੇ ਰੋਗ ਦੀ ਦਵਾ ਦਿੱਤੀ ਜਾਂਦੀ ਸੀ ਇਤਿਹਾਸ ਗਵਾਹੀ ਭਰਦਾ ਹੈ ਕਿ ਉਸ ਸਮੇਂ ਦੇ ਮੁਗਲ ਬਾਦਸ਼ਾਹ ਦੇ ਪੁੱਤਰ ਸ਼ਹਿਜਾਦਾ ਦਾਰਾ ਸ਼ਿਕੋਹ ਦੇ ਬੀਮਾਰ ਹੋ ਜਾਣ ਤੇ ਉਸਨੂੰ ਇਸੇ ਕੀਰਤਪੁਰ ਸਾਹਿਬ ਦੇ ਦਵਾਖਾਨੇ ਵਿੱਚੋਂ ਦਵਾ ਦਿੱਤੀ ਗਈ ਸੀ ਜੋ ਉਸਨੂੰ ਹੋਰ ਕਿਧਰੋਂ ਵੀ ਇਹ ਦਵਾ ਨਹੀਂ ਸੀ ਮਿਲ ਸਕੀ ਅਤੇ ਉਹ ਇਸੇ ਦਵਾ ਨਾਲ ਹੀ ਤੰਦਰੁਸਤ ਹੋਇਆ ਸੀ।

ਅੱਠਵੇਂ ਸਤਿਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਤਾਂ ਸਮੁੱਚੀ ਦੁਨੀਆਂ ਵਿਚੋਂ ਇਕ ਅਨੋਖੀ ਮਿਸਾਲ ਹੈ ਕਿ ਇਤਨੀ ਛੋਟੀ ਉਮਰ ਦੇ ਬਾਲ ਗੁਰੂ ਹੁੰਦੇ ਹੋਏ ਦਿੱਲੀ ਵਿੱਚ ਫੈਲੇ ਭਿਆਨਕ ਛੂਤ-ਛਾਤ ਦੇ ਚੇਚਕ ਰੋਗ ਸਮੇਂ, ਜਿਸ ਢੰਗ ਨਾਲ ਆਪਜੀ ਨੇ ਆਪਣੀ ਜਿੰਦਗੀ ਦੀ ਕੋਈ ਪਰਵਾਹ ਕੀਤੇ ਬਿਨਾ, ਘਰ ਘਰ ਵਿੱਚ ਆਪ ਜਾ ਕੇ ਅਪਣੇ ਹੱਥੀ ਰੋਗੀਆਂ ਦੀ ਦੇਖ ਭਾਲ ਵਿੱਚ ਦਿਨ-ਰਾਤ ਲੱਗੇ ਰਹੇ ਅਤੇ ਅਨਗਿਣਤ ਰੋਗੀਆਂ ਨੂੰ ਬਚਾਉਣ ਉਪਰੰਤ ਇਹ ਰੋਗ ਆਪਣੇ ਸਰੀਰ ਤੇ ਲੈ ਕੇ ਜੋ ਕੁਰਬਾਨੀ ਮਨੁੱਖਤਾ ਲਈ ਦਿੱਤੀ ਹੈ ਉਹਨਾਂ ਦੀ ਇਸ ਮਹਾਨ ਸੇਵਾ ਅੱਗੇ ਹੋਰ ਸਾਰੀਆਂ ਸੇਵਾਵਾਂ ਤੁੱਛ ਰਹਿ ਜਾਂਦੀਆ ਹਨ।

ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥
ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥
ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ ॥

ਗੁਰੂ ਤੇਗ ਬਹਾਦਰ ਪਾਤਸ਼ਾਹ ਵੱਲੋਂ ਕਿਸੇ ਦੂਜੇ ਧਰਮ ਉਤੇ ਹੋ ਰਹੇ ਜੁਲਮ ਨੂੰ ਰੋਕਣ ਲਈ ਆਪਣੇ ਸੇਵਕਾਂ ਸਹਿਤ ਆਪਣਾ ਸੀਸ ਕੱਟਵਾ ਕੇ ਆਮ ਲੋਕਾਂ ਦੀ ਰੱਖਿਆ ਲਈ ਦਿਤੀ ਕੁਰਬਾਨੀ ਦੀ ਸੇਵਾ ਆਪਣੇ ਆਪ ਵਿੱਚ ਇੱਕ ਅਹਿਮ ਸੇਵਾ ਦਾ ਰੂਪ ਸੀ ਜੋ ਸ਼ਾਇਦ ਦੁਨੀਆਂ ਦੇ ਕਿਸੇ ਵੀ ਹੋਰ ਧਰਮ ਵਿੱਚੋਂ ਅੱਜ ਤੱਕ ਨਹੀਂ ਮਿਲਦਾ। ਪਰ ਦਸਮ ਪਾਤਸ਼ਾਹ ਨੇ ਆਪਣਾ ਸਾਰਾ ਹੀ ਸਰਬੰਸ ਮਨੁੱਖਤਾ ਦੀ ਭਲਾਈ ਖਾਤਿਰ ਕੁਰਬਾਨ ਕਰਵਾ ਕੇ, ਆਪਣੇ ਪ੍ਰਾਣਾਂ ਤੋਂ ਪਿਆਰੇ ਸਿੰਘਾਂ ਦੀ ਅਹੂਤੀ ਦੇ ਕੇ ਫੇਰ ਵੀ ਜ਼ਾਲਿਮ ਖਾਤਿਰ ਲੜ੍ਹ ਮਰਨ ਵਾਲੇ ਲੋਕਾਂ ਵਿੱਚ ਵੀ ਪ੍ਰੇਮਸ਼ਰ ਦਾ ਰੂਪ ਦੇਖਣ ਵਾਲੇ ਬ੍ਰਹਮਗਿਆਨੀ ਭਾਈ ਘਨੱਈਆ ਜੀ ਦੇ ਰੂਪ ਵਿੱਚ ਜੋ ਸੇਵਾ ਦਾ ਆਦਰਸ਼ ਸਿੱਖਾਂ ਨੂੰ ਦਿੱਤਾ ਹੈ ਉਹ ਆਉਣ ਵਾਲੀਆਂ ਸਦੀਆਂ ਤੱਕ ਧਰੂਵ ਤਾਰੇ ਦੀ ਤਰ੍ਹਾਂ ਚਮਕਦਾ ਰਹੇਗਾ। ਅਨੰਦਪੁਰ ਦੀ ਧਰਤੀ ਤੇ ਜਾਲਮ ਮੁਗ਼ਲ ਹਕੂਮਤ ਵੱਲੋਂ ਗੁਰੂ ਜੀ ਅਤੇ ਉਹਨਾਂ ਦੇ ਥੋੜੀ ਜਿਹੀ ਗਿਣਤੀ ਵਿੱਚ ਮੌਜੂਦ ਸਿੰਘ ਸੂਰਮਿਆਂ ਨਾਲ ਸੱਚ ਅਤੇ ਜ਼ੁਲਮ ਦੀ ਟੱਕਰ ਹੋ ਰਹੀ ਸੀ, ਪਰ ਜੰਗ ਦੇ ਮੈਦਾਨ ਵਿੱਚ ਹੀ ਇੱਕ ਗੁਰੂ ਦਾ ਸਿੰਘ ਸੂਰਮਾਂ ਪਾਣੀ ਦੀ ਮਸ਼ਕ ਚੁੱਕੀ ਬਿਨਾਂ ਕਿਸੇ ਭਿੰਨ੍ਹ-ਭੇਦ ਦੇ ਜ਼ਖ਼ਮੀਆਂ ਨੂੰ ਪਾਣੀ ਪਿਲਾਈ ਜਾ ਰਿਹਾ ਸੀ, ਗੁਰੂ ਜੀ ਨੇ ਸੁਨੇਹਾ ਭੇਜ ਬ੍ਰਹਮਗਿਆਨੀ ਭਾਈ ਘਨੱਈਆ ਜੀ ਨੂੰ ਆਪਣੇ ਪਾਸ ਬੁਲਾਇਆ, ਗਲ ਨਾਲ ਲਾਇਆ, ਬ੍ਰਹਮਗਿਆਨੀ ਦਾ ਰੁਤਬਾ ਬਖ਼ਸ਼ਿਆ ਅਤੇ ਕੋਲੋਂ

ਮਲ੍ਹਮ ਅਤੇ ਪੱਟੀਆਂ ਭਾਈ ਸਾਹਿਬ ਨੂੰ ਸੌਂਪ ਹੁਕਮ ਕੀਤਾ ਭਾਈ ਸਾਹਿਬ ਪਾਣੀ ਦੇ ਨਾਲ ਨਾਲ ਜ਼ਖ਼ਮੀਆਂ ਨੂੰ ਮਲ੍ਹਮ-ਪੱਟੀ ਵੀ ਕਰੀ ਜਾਵੋ, ਬਿਨਾਂ ਕਿਸੇ ਭਿੰਨ ਭੇਦ ਦੇ ਹੀ ਜਖਮੀ ਭਾਂਵੇ ਸਿੱਖ ਹੋਵੇ ਭਾਂਵੇ ਮੁਗਲ ਫੌਜੀ, ਤੱਦ ਹੀ ਇਹ ਤੁਹਾਡੀ ਸੇਵਾ ਸੰਪੂਰਨ ਹੋਵੇਗੀ। ਇਹ ਸੀ 'ਨਿਸ਼ਕਾਮ ਸੇਵਾ' ਦਾ ਆਦਰਸ਼ ਜੋ ਸਤਿਗੁਰਾਂ ਨੇ ਭਾਈ ਘਨ੍ਹਈਆ ਜੀ ਰਾਹੀ ਸਿੰਘਾਂ ਨੂੰ ਦਿੱਤਾ। ਜੋ ਸਦੀਆਂ ਬਾਅਦ ਵੀ ਸਿੱਖਾਂ ਨੇ ਇਸ ਨੂੰ ਸੰਭਾਲਿਆ ਹੋਇਆ ਹੈ।

ਅੱਜ ਜਦੋਂ ਅਨੇਕਾਂ ਸੰਤ ਮਹਾਂਪੁਰਖ ਆਪਣੇ ਆਪਣੇ ਵੱਖੋ-ਵੱਖ ਖੇਤਰਾਂ ਵਿੱਚ ਵੱਖ-ਵੱਖ ਢੰਗ ਨਾਲ ਸੇਵਾ ਨਿਭਾਅ ਰਹੇ ਹਨ। ਤਦ ਬਠਿੰਡਾ ਜ਼ਿਲ੍ਹੇ ਵਿੱਚ ਗੋਨਿਆਣਾ ਮੰਡੀ ਵਿਖੇ ਭਾਈ ਘਨ੍ਹਈਆ ਜੀ ਵਲੋਂ ਜਗਾਈ ਸੇਵਾ ਦੀ ਜੋਤ ਨੂੰ ਅੱਜ ਵੀ ਸਦੀਆਂ ਬਾਅਦ ਬ੍ਰਹਮ-ਗਿਆਨੀ, ਮਹੰਤ ਬਾਬਾ ਤੀਰਥ ਸਿੰਘ ਜੀ ਜੋ ਭਾਈ ਘਨ੍ਹਈਆ ਜੀ ਦੀ ਹੀ ਚਲੀ ਆ ਰਹੀ ਗੱਦੀ (ਸੇਵਾ ਪੰਥੀ ਸੰਪਰਦਾ) ਤੇ ਬਿਰਾਜਮਾਨ ਹਨ, ਉਹ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਹਰਾਜ ਦੇ ਹੁਕਮ ਅਨੁਸਾਰ, ਭਾਈ ਘਨ੍ਹਈਆ ਜੀ ਵੱਲੋਂ ਆਰੰਭੀ ਨਿਸ਼ਕਾਮ ਸੇਵਾ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦੇ ਹੋਏ ਇਸ ਸੇਵਾ ਵਿੱਚ ਹੋਰ ਵੀ ਵਾਧਾ ਕਰਦੇ ਆ ਰਹੇ ਹਨ। ਅੱਜ ਵੀ ਸੇਵਾ-ਪੰਥੀ ਸੰਪਰਦਾ ਦੇ ਇਹ ਮਹਾਨ ਮੁੱਖੀ ਗੁਰਬਾਣੀ ਦੇ ਇਸ ਕਥਨ :

"ਬ੍ਰਹਮਗਿਆਨੀ ਪਰਉਪਕਾਰ ਉਮਾਹਾ'

ਅਨੁਸਾਰ ਲੋਕਾਈ ਦੀ ਹਰ ਪ੍ਰਕਾਰ ਨਾਲ ਸੇਵਾ ਵਿੱਚ ਮਗਨ ਹਨ, ਇਹਨਾਂ ਵੱਲੋਂ ਗੁਰਬਾਣੀ ਪ੍ਰਚਾਰ ਦੇ ਨਾਲ ਨਾਲ ਡਿਸਪੈਸਰੀਆਂ ਅਤੇ ਛੋਟੇ ਹਸਪਤਾਲ ਖੋਲ ਕੇ, ਜਿਥੇ ਸਿੱਖ ਗੁਰੂਆਂ ਵੱਲੋਂ ਰੋਗੀਆਂ ਦੀ ਸੇਵਾ ਚਲਾਈ ਦੀ ਪ੍ਰੰਪਰਾ ਨੂੰ ਅੱਗੇ ਤੋਰਿਆ ਹੈ ਉਥੇ ਅਗਿਆਨਤਾ ਦੇ ਭਿਆਨਕ ਹਨੇਰੇ ਨੂੰ ਦੂਰ ਕਰਨ ਲਈ ਵਿਦਿਆ ਦੇ ਪਸਾਰ ਹਿੱਤ ਅਨੇਕਾਂ ਸਕੂਲ ਅਤੇ ਕਾਲਜ ਖੋਲ੍ਹ ਕੇ ਸਮੇਂ ਦੀ ਮੰਗ ਅਨੁਸਾਰ ਸਭ ਤੋਂ ਅਹਿਮ ਸੇਵਾ ਨੂੰ ਨੇਪਰੇ ਚੜ੍ਹਾ ਰਹੇ ਹਨ।

ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ

ਅਤੇ

ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਦੀ, ਤਿਸੁ ਕਾਰਜ ਸਭਿ ਸਵਾਰੇ।।

ਸੋ ਆਉ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨਾ ਲੋਚਦੇ ਹੋ, ਸੁਖਾਂ ਦੀ ਪ੍ਰਾਪਤੀ ਚਾਹੁੰਦੇ ਹੋ, ਸਭੇ ਕਾਰਜ ਰਾਸ ਕਰਵਾਉਣ ਲੋਚਦੇ ਹੋ ਤਾਂ ਭਾਈ ਘਨ੍ਹੱਈਆ ਦੇ ਮੱਨੁਖਤਾ ਦੀ ਨਿਸ਼ਕਾਮ ਸੇਵਾ ਲਈ ਚਲਾਏ ਮਿਸ਼ਨ ਨੂੰ ਪੂਰੀ ਤਨਦੇਹੀ ਨਾਲ ਅੱਗੇ ਤੋਰ ਬ੍ਰਹਮਗਿਆਨੀ ਮਹੰਤ ਤੀਰਥ ਸਿੰਘ ਜੀ ਸੇਵਾ ਪੰਥੀ ਜੀ ਦਾ ਤਨ-ਮਨ-ਧਨ ਨਾਲ ਪੂਰਨ ਸਹਿਯੋਗ ਦੇਈਏ, ਉਹਨਾਂ ਦੇ ਹਰ ਹੁਕਮ ਨੂੰ ਨਤਮਸਤਕ ਹੋਈਏ, ਇਹੋ ਗੁਰਬਾਣੀ ਦਾ ਸਾਡੇ ਲਈ ਸੰਦੇਸ਼ ਹੈ :

* * *

**सेवादार सेना**

# (भाई घनैय्या सेवा सोसाइटी)

- जोगिन्द्र सिंघ 'सागर'

1704 ई. में लड़े गये आनन्दपुर के भीषण युद्ध में भाई घनैय्या जी ने हिन्दु, सिख, मुसलमान, दोस्त-दुश्मन अपने-बेगाने के भेदभाव बगैर सभी प्यासों को पानी पिलाया, ज़खमियों की मरहम पट्टी की और सब पीड़ितों की बराबर सेवा सहायता की। उसकी दृष्टि में न कोई बैरी और न ही कोई बेगाना था। उसने मानस की जात सब एक ही जानी और पहचानी। श्री गुरु गोविन्द सिंह जी ने उसके इस समदृष्टि पूर्ण सेवा कार्यो की सराहना की और उसे वर दिये। शत्रु भी उसके इस दयापूर्ण और सेवा भाव वाले सहायक व्यवहार पर बलिहार जाते और उसकी प्रशंसा करते न थक्ते थे। उसे 'जवां मर्द फरिशता' कहकर उसकी बड़ाई करते थै।

विश्व मे 'भारतीय रैड क्रास' का यह पहला चमत्कारी प्रदर्शन था जो भाई घनैय्या जी ने कर दिखाया।

इससे 155 वर्ष पश्चात् (1859 ई. में) हैनरी डयूना ने पीड़ितों और दीन दुखियों की बिना भेद-भाव सेवा सहायता करके एक संस्था की स्थापना की जिसको 'रैड क्रास' का नाम दिया गया। तुलनात्मक दृष्टि से यदि देखा जाये तो भाई घनैय्या जी के मिशन के सामने हैनरी डयूना का रैडक्रास मिशन हलका और फीका नज़र आता है। पश्चिम के लोगो ने इस मिशन को अपनाया, इसका प्रचार व प्रसार किया। इस प्रकार यह एक लोक लहर बन गई और देखते ही देखते विश्व भर में प्रसिद्ध हो गई। जबकि इससे श्रेष्ठ मिशन केवल कुछ सेवा पंथी संस्थानों तक ही सीमित हो कर रह गया।

कुछ सिख विद्धानों और चिन्तकों ने इस ओर ध्यान दिया और अनुभव किया कि अंग्रेजों ने रैड क्रास को एक विश्व व्यापी

संस्था बना दिया जबकि गुणों और विशेषताओं में भाई घनैय्या जी का सेवा मिशन (रैड क्रास) कहीं उत्तम और श्रेष्ठ है । क्या कारण है कि यह मिशन कुछ सेवा पंथी स्थानों से बाहर नहीं निकल पाया और जन साधारण तक नहीं पहुंच सका । इस पावन मिशन का प्रचार व प्रसार किस तरह होवे कि यह एक लोक लहर बन जाये। यही विचाराकों और विद्धानों की चिन्ता का विषय था और उनके सामने सबसे महत्वपूर्ण प्रश्न था ।

''दश्मेश गुरु जी के आशीर्वाद से भाई घनैय्या जी द्वारा चलाई गई सेवा पंथी सम्परदाय के प्रधान दूरदर्शी युगपुरुष महन्त भाई तीर्थ सिंह जी जो अनेकों स्कूल, कालिज, हस्पताल और ६ ार्मस्थान चला रहे हैं , ने समय की नज़ाकत को समझते हुए एक ऐयी सेवा भावी संस्था प्रारम्भ करने की आवश्यकता समझी जो इस अमुल्य मिशन को अमली जीवन में अपनाकर इसका प्रचार व प्रसार (क्रयात्मक रुप में ) कर सके । लम्बी सोच विचार के बाद आप ने 1975 ई.में भाई घनैय्या सेवा सोसाइटी (रजि0) गोनियााना भाई जगता (बठिण्डा) नामक संस्था का गठन किया ।

काफी संख्या में सेवा भावना वाले नौजवान इस संस्था के सदस्य (मैम्बर) बन गये और पूरी लग्न के साथ काम करके निष्काम सेवा का एक आदर्श कायम कर दिया । अगले ही वर्ष (1976 में) कोटकपूरा के सेवा भावी युवकों ने इस सोसाइटी का पहला यूनिट स्थापित कर दिया । सेवा के क्षेत्र में गोनियाना भाई जगता व कोटकपूरा यूनिटों की उत्तम कारगुज़ारी और अच्छे परिणामों को देखते हुए जैतो, मलोट, रामा मंडी, कालांवाली, अम्बाला,सहारनपुर, दिल्ली और पानीपत आदि नगरों में सुसाइटी के यूनिट स्थाापित हो गये । इसका कार्य क्षेत्र विस्त्रित करने के लिये सेवा भावी श्रद्धालुओं ने अब जगह जगह इसके यूनिट गठित करने शुरु कर दिये हैं ।

इस संस्था की सदस्यता (मैंम्बर शिप) के लिये कुछ नियम भी बना दिये गये हैं जो इस प्रकार है :-

1 . भाई घनैय्या सेवा सोसाइटी सेवा को समर्पित एक निरोल मानववादी धार्मिक संस्था है । राजनीति और राजनैतिक पार्टियों से इसका कोई सम्बन्ध नहीं ।

2. प्रत्येक धर्म जाति,देश, कौम क्रा स्त्री पुरुष इस सोसाइटी का मैम्बर बन सकता है । नास्तिक (प्रमात्मा के अस्तित्व से इनकारी) स्त्री पुरुष इस का मैम्बर नहीं बन सकता ।

3 . इस का मैम्बर मानवता व जीव जन्तुओं की सेवा निष्काम और फर्ज़ समझ कर करने का पाबन्द होगा ।

4. इसके मैम्बरों के लिये हर प्रकार का नशा वर्जित है । पर तन,पर धन, और पर निन्दा का परित्याग करना अवश्यक है ।

5. देश,धर्म, जाति, रंग नसल आदि के भेदभाव से रहत होकर सब की गोबिन्द रुप जान कर सेवा करनी होगी ।

6. द्वैत, इर्ष्या, शिकायत और दिखावा आदि जो सेवा के मार्ग में रुकावटें हैं, सदस्य को इन से बचना होगा ।

7. सेवा मैं रहित होकर करनी होगी । सुस्ती,रीस और लापरवाही कदाचित नहीं करनी होगी ।

8. सेवा कार्य के समय निर्धारित वर्दी(सफेद कमीज पजामा,काली पगड़ी अथवा टोपी,स्त्रियों के लिये सफेद सलवार जैम्पर काली चुन्नी केसरी कमरकसा(सब के लिये) धारण करना होगी ।

9. निम्रता, सादगी,सहनशीलता, धर्मनिपेक्षता और सच्चाई सदस्यों में प्रमुख गुण होने चाहियें ।

10 . सब का समान आदर करना और कटुता का त्याग करना जरुरी है ।

11. सेवा पंथी सम्प्रदाय (अडण शाही सभा) की आज्ञा और अनुशासन की पाबंन्दी हर मैम्बर के लिये अति आवश्सक है ।

***

# ਦਫ਼ਤਰ ਵਰ-ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਮੁੱਖ ਇੰਚਾਰਜ: ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ'
ਫ਼ੋਨ: **0164-262657, ਫੈਕਸ : 262657**

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ/ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀਂ ਜ਼ਰੂਰ ਭੇਜਣ ਦੀ ਕਿਰਪਾ ਕਰਨ । ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ ।

## ਵਰ ਦੀ ਲੋੜ

1. ਅਰੋੜਾ ਸਿੱਖ +2 , Beauty Parlour, 22 ਸਾਲ, 5'4" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1108)
2. ਅਰੋੜਾ ਸਿੱਖ ਖੁਰਾਣਾ, M.A. His. Dress Designer, 32 ਸਾਲ, 5' ਕੰਨਿਆਂ ਲਈ ਬਿਜ਼ਨੈਸ ਕਰਦੇ ਵਰ ਦੀ ਲੋੜ ਹੈ। (ਬਾਕਸ ਨੰ: 1109)
3. ਅਰੋੜਾ ਖੱਤਰੀ ਸਿੱਖ M.B.A, Executive Manager, 26½ ਸਾਲ, 5'4" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1110)
4. ਅਰੋੜਾ ਸਿੱਖ ਮੱਕੜ, M.A. (Eco.) 28 ਸਾਲ, 5-3" ਕੰਨਿਆਂ ਲਈ (ਅੰਮ੍ਰਿਤਧਾਰੀ) ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1111)

## ਕੰਨਿਆਂ ਦੀ ਲੋੜ

1. ਅਰੋੜਾ ਸਹਿਜਧਾਰੀ ਰਹੇਜਾ Matric, 23 ਸਾਲ, 5'3" ਆਪਣਾ ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3007)
2. ਅਰੋੜਾ ਸਿੱਖ ਦੂਆ, Matric, 35 ਸਾਲ, 5'7" ਆਪਣਾ ਬਿਜ਼ਨੈਸ ਕਰਦੇ (ਤਲਾਕਸ਼ੁਦਾ ਦੋ ਲੜਕੇ) ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾ: ਨੰ: 3008)
3. ਅਰੋੜਾ ਸਹਿਜਧਾਰੀ, +2 , 25½ ਸਾਲ, 6'1" ਖੇਤੀ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3009)
4. ਅਰੋੜਾ ਸਿੱਖ ਮੱਕੜ, B.A, DPEd.Teacher, 29 ਸਾਲ, 5' 6" ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3010)
5. ਅਰੋੜਾ ਸਿੱਖ ਘੁਲਿਆਣੀ, +2, 22 ਸਾਲ, 5' 4" ਆਪਣਾ ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3011)

ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ਼੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਮਈ 2002 ਨੂੰ ਜਾਰੀ ਕੀਤਾ ।

ਮਾਸਟਰ ਜਗੀਰ ਸਿੰਘ ਚੈਰੀਟੇਬਲ ਟਰਸੱਟ ਵੱਲੋਂ ਪਿੰਡ ਬੋਦਲੀ (ਲੁਧਿਆਣਾ) ਵਿਖੇ ਸਥਾਪਿਤ ਮੈਕਾਲਿਫ ਪਬਲਿਕ ਸਕੂਲ ਦੇ ਉਦਘਾਟਨ ਦੀਆਂ ਝਲਕੀਆਂ ।(30-3-2002)



ਸੰਤ ਬਾਬਾ ਤੀਰਥ ਸਿੰਘ ਜੀ ਦੇ ਸਕੂਲ ਪਧਾਰਨ ਸਮੇਂ ਮਾਸਟਰ ਜਗੀਰ ਸਿੰਘ ਤੇ ਹੋਰ ਸਮੂਹ ਸੰਗਤਾਂ ਨਿੱਘਾ ਸਵਾਗਤ ਕਰਦੇ ਹੋਏ ।




ਸ਼੍ਰੀਮਾਨ ਸੰਤ ਬਾਬਾ ਤੀਰਥ ਸਿੰਘ ਜੀ 'ਸੇਵਾ ਪੰਥੀ' ਜਿਨ੍ਹਾਂ ਦੋ ਸਾਲ ਪਹਿਲਾਂ ਸਕੂਲ ਦਾ ਨੀਂਹ ਪੱਥਰ ਰੱਖਿਆ ਸੀ । ਉਸ ਸਕੂਲ ਇਮਾਰਤ ਦਾ ਉਦਘਾਟਨ ਕਰਦੇ ਹੋਏ ਸ੍ਰ: ਜਗੀਰ ਸਿੰਘ ਬਾਬਾ ਜੀ ਨਾਲ ਸ਼ਾਮਿਲ ਨਜਰ ਆ ਰਰੇ ਹਨ ।




ਮਹੰਤ ਗੁਲਾਬ ਸਿੰਘ ਜੀ ਦੀ 52ਵੀਂ ਬਰਸੀ ਦੇ ਮੌਕੇ 20-4-2002 ਨੂੰ ਨਸ਼ਾ ਛੁਡਾਓ ਸਲਾਹਕਾਰੀ ਕੇਂਦਰ ਬਠਿੰਡਾ ਵੱਲੋਂ ਨਸ਼ਿਆਂ ਵਿਰੋਧੀ ਕੈਂਪ ਲਗਾਇਆ ਗਿਆ ਜਿਸ ਦਾ ਉਦਘਾਟਨ ਸੰਤ ਭਾਈ ਕਾਹਨ ਸਿੰਘ ਜੀ ਨੇ ਕੀਤਾ ।

Bhai Kanhaiya Sewa Joti (Monthly) R.N.I. Regd. No. 046716/84
**Regd.No.TECH/47-5(PB-0028)2002 Chd. Dt.27-11-2001**

ਡੇਰਾ ਮਹੰਤ ਗੁਲਾਬ ਸਿੰਘ ਜੀ ਮਾਛੀਵਾੜਾ (ਲੁਧਿਆਣਾ) ਵਿੱਖੇ ਸੰਤ ਰਣਜੀਤ ਸਿੰਘ ਦੇ ਉਦੱਮ ਨਾਲ ਉੱਚੇ ਪੱਧਰ ਤੇ ਬਰਸੀ ਸਮਾਗਮ 2-4-2002 ਨੂੰ ਮਨਾਇਆ ਗਿਆ ਉਸ ਦੀਆਂ ਕੁਝ ਝਲਕੀਆਂ ।



ਸ੍ਰੀਮਾਨ ਸੰਤ ਬਾਬਾ ਰਾਮ ਸਿੰਘ ਜੀ ਨਾਨਕਸਰ ਸੀਘੜਾ ਅਤੇ ਸੰਤ ਬਾਬਾ ਤੀਰਥ ਸਿੰਘ ਗੁਨਿਆਣਾ ਭਾਈ ਜਗਤਾ ਸਾਧ ਸੰਗਤ ਸਹਿਤ ਪੰਡਾਲ ਵਿੱਚ ਪ੍ਰਵੇਸ਼ ਕਰਦੇ ਹੋਏ ।



ਸ੍ਰੀਮਾਨ ਸੰਤ ਬਾਬਾ ਬਾਮ ਸਿੰਘ ਜੀ ਕੀਰਤਨੀ ਜੱਥੇ ਸਹਿਤ ਸੰਗਤਾਂ ਨੂੰ ਅੰਮ੍ਰਿਤ ਕੀਰਤਨ ਸਰਵਣ ਕਰਾਉਂਦੇ ਹੋਏ ।



ਸ੍ਰੀ ਮਾਨ ਸੰਤ ਬਾਬਾ ਤੀਰਥ ਸਿੰਘ ਜੀ ਮਨੋਹਰ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ ।